੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੪੪ ਜਿਲਦ ੩੦ ੧੨-੧੮ ਨਵੰਬਰ ੨੦੨੦, ੨੭ ਕੱਤਕ - ੪ ਮੱਘਰ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 44 Volume 30, 12-18 November 2020
Yearly Subscription India 250/-, Abroad 2500/- and Life Membership India 2500/-, Abroad 25000/-

ਦੀਵਾਲੀ/ਬੰਦੀ-ਛੋੜ ਦਿਵਸ : 14 ਨਵੰਬਰ/ਕੱਤਕ ਵਦੀ ੧੪



## ਬੰਦੀ-ਛੋੜ ਦਾਤੇ ਦਾ ਅੰਮ੍ਰਿਤਸਰ ਆਗਮਨ

❖ ਭਾਈ ਸਾਹਿਬ ਭਾਈ ਵੀਰ ਸਿੰਘ

ਸ੍ਰੀ ਹਰਿਮੰਦਰ ਜੀ ਵਿਚ ਬੀ ਬੜੀ ਰੌਣਕ ਹੈ, ਮੇਲੇ ਦੀ ਨਹੀਂ, ਪਰ ਸੰਗਤਾਂ ਦੀ, ਜੋ ਕੀਰਤਨ ਤੇ ਸ਼ਬਦਾਂ ਦੇ ਉਚਾਰ ਵਿਚ ਮਗਨ ਹਨ। ਅੱਜ ਕੀ ਹੈ? ਕੋਈ ਰਾਜਾ ਆ ਰਿਹਾ ਹੈ? ਨਹੀਂ ਨਹੀਂ, ਤ੍ਰਿਲੋਕੀ ਦੇ ਨਾਥ ਆ ਰਹੇ ਹਨ। ਕੈਦਖਾਨੇ ਰਚਕੇ ਸਿਪਾਹੀਆਂ ਦੇ ਦਾਬੇ ਨਾਲ ਲੋਕਾਂ ਨੂੰ ਬੰਦੀ ਵਿਚ ਪਾਉਣ ਵਾਲੇ ਜ਼ੋਰ ਧੱਕੇ ਨਾਲ ਬਣੇ ਨਾਥ ਆ ਰਹੇ ਹਨ? ਨਹੀਂ, ਬੰਦੀ-ਛੋੜ ਨਾਥ ਆ ਰਹੇ ਹਨ, ਕੈਦਖਾਨਿਆਂ ਵਿਚੋਂ ਕੱਢਣ ਵਾਲੇ, ਪ੍ਰੇਮ ਦਾ ਰਾਜ ਫੈਲਾਉਣ ਵਾਲੇ ਲੋਕਾਂ ਦੀ ਹੁੱਬ ਨਾਲ ਪਜਾਰੇ ਗਏ, ਅਨਾਥਾਂ ਦੀ ਪ੍ਰਤਿਪਾਲਾ ਕਰਨ ਵਾਲੇ ਨਾਥ ਆ ਰਹੇ ਹਨ! ਓਹ ਪਾਤਸ਼ਾਹ ਆ ਰਹੇ ਹਨ, ਜੋ ਡਰ ਨਾਲ ਦਿਲਾਂ ਨੂੰ ਤੰਗ ਕਰਕੇ ਰਾਜ ਨਹੀਂ ਕਰਦੇ, ਪਰ ਜੋ ਅਭੈ ਦਾਨ ਕਰਕੇ ਦਿਲਾਂ ਨੂੰ ਖੁੱਲ੍ਹਾ ਤੇ ਉੱਚਾ ਕਰਕੇ ਦਿਲ-ਤਖ਼ਤਿਆਂ ਉਤੇ ਪਿਆਰ ਨਾਲ ਬਿਠਾਲੇ ਜਾਂਦੇ ਹਨ। ਜੋ ਪਾਤਸ਼ਾਹ ਨਹੀਂ, ਪਰ ਸੱਚੇ ਪਾਤਸ਼ਾਹ ਕਹਾਉਂਦੇ ਹਨ। ਇਨ੍ਹਾਂ ਨੂੰ ਲੋਕ ਇਸ ਭਰਮ ਵਿਚ ਵੱਡਾ ਨਹੀਂ ਆਖਦੇ ਕਿ ਮਤਾਂ ਖੁਸ਼ ਹੋ ਕੇ ਸਾਨੂੰ ਆਪਣੇ ਜ਼ੋਰ ਜ਼ੁਲਮ ਦੀ ਵਡਿਆਈ ਦਾ ਹਿੱਸੇਦਾਰ ਬਣਾ ਕੇ ਵਡਿਆ ਦੇਣਗੇ, ਪਰ ਇਸ ਸੁਆਦ ਵਿਚ ਵੱਡਾ ਆਖਦੇ ਹਨ ਕਿ ਇਸ ਵੱਡੇ ਨੇ ਸਾਡੇ ਦਿਲ ਵੱਡੇ ਕਰ ਦਿਤੇ ਹਨ। ਹਾਂ, ਉਹ ਖੜਗ ਬੀ ਧਾਰਦਾ ਹੈ, ਤ੍ਰਾਸ ਦੇਣ ਲਈ ਨਹੀਂ, ਪਰ ਤ੍ਰਾਸ ਨਾਲ ਦਬੇ ਹੋਇਆਂ ਨੂੰ ਤ੍ਰਾਸ ਦਾਤਿਆਂ ਤੋਂ ਤ੍ਰਾਸ-ਰਹਿਤ ਕਰਨੇ ਲਈ। ਜੋ ਪ੍ਰੇਮ ਨਾਲ ਫਤਹ ਪਾਉਂਦਾ ਤੇ ਪ੍ਰੇਮ ਨਾਲ ਵਧਾਉਂਦਾ ਹੈ, ਪ੍ਰੇਮ ਦਾ ਹਾਲਾ ਲੈਂਦਾ, ਪ੍ਰੇਮ ਦੀਆਂ ਨਹਿਰਾਂ ਚਲਾਉਂਦਾ ਹੈ, ਜੋ ਪ੍ਰੇਮ ਤਲਬਾਂ ਦੇਂਦਾ ਹੈ ਤੇ ਪ੍ਰੇਮ ਜਗੀਰਾਂ ਬਖਸ਼ਦਾ ਹੈ, ਓਹ ਕੇਡਾ ਕੁ ਵੱਡਾ ਆਪ ਹੈ? ਹਾਂ, ਤਲਵਾਰ ਜਿੱਥੇ ਪ੍ਰੇਮ ਨੂੰ ਕਤਲ ਕਰਕੇ ਕੁੱਲਕੁਲਾਂ ਹੋ ਕੇ ਨਹੀਂ ਲਟਕਦੀ, ਪਰ ਪ੍ਰੇਮ ਦੇ ਬਾਗ਼ ਦੀ ਰੱਖਿਆ ਕਰਨ ਵਾਲੀ ਵਾੜ ਬਣਕੇ ਖੜੋਂਦੀ ਹੈ। ਜਿੱਥੇ ਤਲਵਾਰ ਦੀ ਮਹਿ ਵਿਚ ਲਾਲਚ ਤੇ ਕ੍ਰੋਧ ਨਹੀਂ ਪਰ ਦਇਆ ਤੇ ਉਤਸ਼ਾਹ ਹੈ। ਇਹ ਤਲਵਾਰ ਅਰੋਗਾਂ ਨੂੰ ਰੋਗ ਹੋ ਕੇ ਨਹੀਂ ਚੰਬੜਦੀ ਪਰ 'ਨਮੋ ਰੋਗ ਰੋਗੇ' ਦੇ ਅਸੂਲ ਵਾਂਡੂ ਰੋਗ ਨੂੰ ਰੋਗ ਰੂਪ ਹੋ ਰਹੀ ਹੈ। ਇਹ ਤਲਵਾਰ ਅਮਨ ਲਈ ਜ਼ੁਲਮ ਦਾ ਰੂਪ ਨਹੀਂ ਧਾਰ ਰਹੀ, ਪਰ ਜ਼ੁਲਮ ਦੂਰ ਕਰਨ ਲਈ ਅਮਨ ਦਾ ਰੂਪ ਧਾਰਦੀ ਹੈ। ਇਹ ਤਲਵਾਰ ਭਿਆਨਕ ਰਸ ਦਾ ਉਦੀਪਨ ਕਰਨ ਵਾਲੀ ਨਹੀਂ ਹੈ, ਪਰ ਬੀਰ ਰਸ ਦਾ ਅਲੰਬਨ ਹੈ। ਇਹ ਤਲਵਾਰ ਵੈਰ ਭਾਵ ਨਾਲ ਭਰਾ ਨੂੰ ਵੈਰੀ ਜਾਣਕੇ ਗਰਦਨ ਤੋੜਨ ਵਾਲੀ ਨਹੀਂ ਪਰ (ਭਰਾਵਾਂ ਨੂੰ ਵੈਰੀ ਜਾਣਕੇ) ਗਰਦਨ ਤੋੜਨ ਵਾਲਿਆਂ ਦੀ ਤਲਵਾਰ ਦੇ ਅੱਗੇ ਸੱਚੀ ਢਾਲ ਹੈ। ਹਾਂ! ਤਲਵਾਰ ਦਾ ਧਾਰਨਾ ਤੇ ਇਸਨੂੰ ਦਾਰੂ ਰੂਪ ਰੱਖਣਾ ਦਾਨੇ ਹੀ ਵੈਦ ਦਾ ਕੰਮ ਹੈ। ਅਲ੍ਹੜਾਂ ਦੇ ਹੱਥ ਆਈ ਇਹ ਆਪਣੇ ਹੀ ਪੜਛੇ ਲਾਹੁੰਦੀ ਹੈ। ਇਸ ਖੜਗ ਦਾ ਧਾਰਨ ਵਾਲਾ ਸੰਸਾਰ ਨੂੰ ਉਸ ਚੋਟੀ ਤੇ ਲਿਜਾਇਆ ਚਾਹੁੰਦਾ ਹੈ, ਜਿੱਥੇ ਜਾ ਤਲਵਾਰ ਦੀ ਲੋੜ ਨਹੀਂ ਰਹਿੰਦੀ, ਪਰ ਸੰਸਾਰ ਦੀ ਮੂਰਖਤਾ ਨੇ ਵਿਚਲੀ ਘਾਟੀ ਜ਼ੁਲਮ ਦੀਆਂ ਤਲਵਾਰਾਂ ਨਾਲ ਐਸੀ ਭਰ ਦਿਤੀ ਹੈ ਕਿ ਦਾਨਾ ਖੜਗਧਾਰੀ (ਹੀਰੇ ਨਾਲ ਹੀਰਾ ਵਿੰਨ੍ਹਣ ਵਾਲੀ ਹਿਕਮਤ ਕਰਕੇ) ਸੰਸਾਰ ਨੂੰ ਤਲਵਾਰ ਦੇ ਹੀ ਆਸਰੇ ਉਸ ਭਿਆਨਕ ਘਾਟੀ ਤੋਂ ਕੱਢਕੇ ਉੱਥੇ ਲਿਜਾ ਰਿਹਾ ਹੈ ਅਰ ਲੈ ਗਿਆ ਹੈ। ਇਸ ਦਾਨਾ ਹਕੀਮ ਦੀ ਕਮਰ ਨਾਲ ਲਟਕਦੀ ਉਹ ਤਲਵਾਰ ਨਹੀਂ ਦੱਸਦੀ ਕਿ ਅਸੀਂ ਜ਼ੁਲਮ ਕਰ ਸਕਦੇ ਹਾਂ, ਪਰ ਇਹ ਦਸਦੀ ਹੈ ਕਿ ਅਸੀਂ (ਜ਼ੁਲਮ ਦੀ ਤਲਵਾਰ ਅੱਗੇ ਨਿਤਾਣੇ ਹੋ ਗਏ) ਦਰਦਮੰਦਾਂ ਦੇ ਦੁਆਲੇ ਇਸ ਤਲਵਾਰ ਨਾਲ ਬੀਰਤਾ ਦੀ ਕਾਰ ਕੱਢ ਸਕਦੇ ਹਾਂ। ਧੰਨ ਹਨ ਓਹ ਜੋ ਇਸ ਦੁਰਗਾ ਦਾ ਇਹ ਯੋਗ ਵਰਤਾਉ ਕਰਦੇ ਹਨ, ਪਰ ਜੋ ਇਸ ਦਾ ਅਯੋਗ ਵਰਤਾਉ ਕਰਦੇ ਹਨ, ਉਹਨਾਂ ਲਈ ਸ਼ੋਕ ਹੈ।

ਅੰਦਰ


- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ 3
- Shiromani Gurdwara Prabandhak Committee... 5
- ਭਾਈ ਰਾਮ ਸਿੰਘ : ਮਹਾਨ ਇਮਾਰਤਸਾਜ਼ 7
- ਡਾ. ਗੰਡਾ ਸਿੰਘ : ਸ਼ਿਰੋਮਣੀ ਸਿੱਖ ਇਤਿਹਾਸਕਾਰ 10
- ਸ਼ਬਦ ਵਿਆਖਿਆ 11
- ਖ਼ਬਰ-ਸਾਰ 12



ਪਿਆਰਿਓ! ਅੱਜ ਪ੍ਰੇਮ ਦੇ ਪੁਤਲੇ, ਜਿਨ੍ਹਾਂ ਨੇ ਜ਼ੁਲਮ ਦੀ ਬਰਖਾ ਵਿਚ ਭਿਜਦਿਆਂ ਉੱਤੇ ਛਤਰੀ ਤਾਣੀ ਸੀ, ਰਾਮਦਾਸਪੁਰ (ਅੰਮ੍ਰਿਤਸਰ) ਆ ਰਹੇ ਹਨ। ਗਵਾਲੀਅਰ ਦੇ ਕਿਲ੍ਹੇ ਵਿਚੋਂ ਉਮਰਾ ਦੇ ਬਵੰਜਾ ਕੈਦੀ ਛੁਡਾ ਆਏ ਹਨ। ਗਵਾਲੀਅਰ ਦੇ ਕਿਲ੍ਹੇ ਤੋਂ ਹੀ ਨਹੀਂ, ਸਗੋਂ ਉਨ੍ਹਾਂ ਨੂੰ ਮੂਰਖਤਾ ਦੇ ਕਿਲ੍ਹੇ ਵਿਚੋਂ ਭੀ ਕੱਢ ਆਏ ਹਨ। ਖਿਮਾ ਦੀ ਤਲਵਾਰ ਤੇ ਪਿਆਰ ਦੀ ਕ੍ਰਿਪਾਨ ਉਨ੍ਹਾਂ ਦੇ ਅੰਦਰਲੇ ਨੂੰ ਪੁਆ ਆਏ ਹਨ ਅਤੇ ਉਨ੍ਹਾਂ ਦੀ ਗਾਤਰੇ ਦੀ ਤਲਵਾਰ ਨੂੰ ਜ਼ੁਲਮ ਦੇ ਖ਼ੂਨ ਤੋਂ ਧੋ ਕੇ ਦੀਨ ਰਖਜਾ ਦੀ ਢਾਲ ਬਣਾ ਆਏ ਹਨ। ਐਸੇ ਦਾਤਾ ਗੁਰੂ ਹਰਿਗੋਬਿੰਦ ਜੀ ਅਜ ਘਰ ਆ ਰਹੇ ਹਨ। ਅੰਮ੍ਰਿਤਸਰ ਜਿਸ ਵੇਲੇ ਆਪ ਨੂੰ ਸੁਨਹਿਰੀ ਕਲਸ ਨਾਲ ਚਮਕਦਾ ਦਿੱਸਿਆ ਤਾਂ ਘੋੜੇ ਤੋਂ ਉਤਰਕੇ ਪਿਆਰੇ ਸਤਿਗੁਰਾਂ ਦੇ ਅਦਬ ਵਿਚ ਪੈਦਲ ਹੋ ਗਏ; ਅਗੋਂ ਸੰਗਤਾਂ ਆ ਰਹੀਆਂ ਹਨ। ਇਧਰ ਭੀ ਭਾਈ ਬੁੱਢਾ, ਭਾਈ ਜੇਠਾ ਆਦਿਕ ਹੋਰ ਸਾਰੇ ਸਿੱਖ ਗੁਰੂ ਚੰਦ ਉਦਾਲੇ ਤਾਰਾ ਮੰਡਲ ਬਣਕੇ ਸ਼ਬਦ ਪੜ੍ਹ ਰਹੇ ਹਨ। ਉਧਰ ਭਾਈ ਗੁਰਦਾਸ, ਭਾਈ ਸਾਈਂਦਾਸ ਤੇ ਸਾਰੇ ਮੁੱਖੀ ਸਿੱਖ ਗਲ ਪੱਲੇ ਪਾਈ, ਦਿਲ ਸਾਈਂ ਵਲ ਲਾਈ, ਮੁਖੋਂ ਸ਼ਬਦਾਂ ਦੀ ਘਨਘੋਰ ਲਾਈ, ਨੇਤ੍ਰ ਪ੍ਰੇਮ ਨਾਲ ਜਗਮਗਾਈ ਚਲੇ ਆ ਰਹੇ ਹਨ। ਪ੍ਰੇਮ ਦਾ ਸੰਗਮ ਹੋ ਗਿਆ, ਚਰਨੀ ਢੈ ਪਏ, ਮਿਲੇ, ਵਿੱਛੁੜੇ ਮਿਲੇ 'ਗੁਰੂ ਸਮੁੰਦੁ ਨਦੀ ਸਭਿ ਸਿਖੀ' {ਵਾਰ: ਮਾਝ-26} ਮਿਲ ਪਏ। ਇਸ ਅਰਸ਼ੀ ਮੇਲ ਦਾ ਵਰਣਨ ਕੌਣ ਕਰੇ। ਫੇਰ ਸਿੱਧੇ ਹਰਿਮੰਦਰ ਜੀ ਨੂੰ ਆਏ। ਸ੍ਰੀ ਅਕਾਲ ਤਖਤ ਸਾਹਿਬ ਜੀ ਆਏ। ਫੇਰ ਅੰਦਰ ਸ੍ਰੀ ਹਰਿਮੰਦਰ ਜੀ ਵਿਚ ਗਏ। ਕੜਾਹ ਪ੍ਰਸ਼ਾਦ ਆਇਆ, ਕੀਰਤਨ ਹੋਇਆ। ਅਰਦਾਸ ਵਿਚ ਲਿਵਲੀਨਤਾ ਹੋਈ। ਫੇਰ ਪ੍ਰਸ਼ਾਦ ਵਰਤਿਆ। ਫੇਰ ਗੁਰੂ ਜੀ ਸ਼ਹਿਰ ਵਿਚ ਆਏ। ਬਜ਼ਾਰ ਕਤਾਰਾਂ ਮਨੁੱਖਾਂ ਨਾਲ ਭਰੇ ਪਏ ਹਨ, ਕੋਠੇ ਇਸਤ੍ਰੀਆਂ ਨਾਲ ਲੱਦੇ ਪਏ ਹਨ; ਸ਼ਬਦਾਂ ਦੀ ਘਨਘੋਰ ਹੋ ਰਹੀ ਹੈ, ਫੁਲਾਂ ਦੀ ਵਰਖਾ ਹੋ ਰਹੀ ਹੈ, ਗੁਲਾਬ ਦੇ ਤ੍ਰੌਂਕੇ ਵੱਸ ਰਹੇ ਹਨ, ਸਿਹਰੇ ਤੇ ਮਾਲਾਂ ਗਲੇ ਪੈ ਰਹੇ ਹਨ, ਮੱਥਿਆਂ ਤੇ ਸੀਸ ਬੰਦਨਾ ਦੀ ਵਾਰ ਨਹੀਂ ਆਉਂਦੀ ਤੇ ਸ਼ਬਦਾਂ ਦੀ ਘਨਘੋਰ ਨਾਲ ਅਕਾਸ਼ ਗੂੰਜ ਰਿਹਾ ਹੈ। ਸੰਗਤਾਂ ਦੇ ਮੰਨੇ ਪ੍ਰਮੰਨੇ ਗੁਰੂ, ਹਾਂ, ਸੰਗਤ ਨੂੰ ਵੱਡਾ ਜਾਨਣ ਵਾਲੇ ਗੁਰੂ, ਪ੍ਰੇਮ ਕਰਦੇ ਤੇ ਪ੍ਰੇਮ ਕੀਤੇ ਜਾਂਦੇ ਪ੍ਰੇਮੀਆਂ ਦੇ ਮੰਡਲ ਵਿਚੋਂ ਕਿਸ ਤਰ੍ਹਾਂ ਲੰਘ ਰਹੇ ਹਨ? ਜਿਕੂੰ ਪ੍ਰੇਮ ਭਰੀਆਂ ਹੰਸਾਂ ਦੀਆਂ ਡਾਰਾਂ ਵਿਚੋਂ ਰੰਗਰੱਤੜਾ ਰਾਜ ਹੰਸ ਲੰਘਦਾ ਹੈ! ਇਸ ਤਰ੍ਹਾਂ ਸਤਿਕਾਰੇ ਜਾਂਦੇ ਗੁਰੂ ਜੀ ਸਨੇ ਸਨੇ ਘਰ ਪਹੁੰਚੇ। ਮਾਤਾ ਜੀ ਦੇ ਡੇਰੇ ਗਏ। ਓਹ ਸ਼ਾਂਤਿ ਵਿਚ ਪੂਰੀ, ਸਭ ਤਰ੍ਹਾਂ ਨਿਪੁਨ ਮਾਤਾ, ਪ੍ਰੇਮ ਵਿਚ ਭਰੀ ਪਿਆਰੇ ਪੁਤ੍ਰ ਤੇ ਸਤਿਗੁਰਾਂ ਦੇ ਨਿਵਾਜੇ ਗੁਰੂ ਦੀ ਤਾਂਘ ਵਿਚ ਖੜੀ ਹੈ। ਮਰਿਯਾਦਾ ਦੇ ਪੂਰੇ ਜਗਤ ਗੁਰੂ ਜੀ ਮਾਤਾ ਦੇ ਚਰਨਾਂ ਪਰ ਡਿਗਦੇ ਹਨ। ਮਮਤਾ ਭਰੀ ਮਾਂ ਮਾਤ੍ਰੀ-ਪ੍ਰੇਮ ਵਿਚ ਚੁੱਕ ਕੇ ਗਲ ਲਾਉਂਦੀ ਤੇ ਮੱਥਾ ਚੁੰਘਦੀ ਹੈ। ਫਿਰ ਮਾਤਾ, ਪ੍ਰੇਮ ਦੇ ਲਹਿਰੇ, ਸ਼ਰਧਾ ਨਾਲ, ਚਰਨਾਂ ਵੱਲ ਝੁਕਦੀ ਹੈ, ਪਰ ਉਹ ਪੂਰਾ ਗੁਰੂ ਮੱਥਾ ਝੁਕਣ ਬੀ ਨਹੀਂ ਦੇਂਦਾ ਅਰ ਮਾਤਾ ਵਿਚ ਆਪਣੇ ਪਿਆਰੇ ਸਤਿਗੁਰੂ ਪਿਤਾ ਦੀ ਮੂਰਤ ਵੇਖਦਾ ਵੇਖਦਾ ਗੁਰੂ ਪ੍ਰੇਮ ਵਿਚ ਪ੍ਰੋਤਾ ਸਜਲ ਨੇਤ੍ਰ ਹੋ ਜਾਂਦਾ ਹੈ। ਲੋਕੋ! ਇਨ੍ਹਾਂ ਆਤਮ ਪ੍ਰੇਮ ਦੇ ਜਾਣੂਆਂ ਦੇ ਕੌਤਕਾਂ ਨੂੰ ਕੌਣ ਸਮਝੇ? ਰਸ ਸੰਗਮ ਇਨ੍ਹਾਂ ਵਿਚ ਹੀ ਹੁੰਦੇ ਹਨ, ਮਾਨੋਂ ਹਿਰਦੇ ਅਕਾਸ਼ ਵਿਚ ਆਤਮ ਰਸਾਂ ਦੀ ਅਕਾਸ਼ੀ ਪੀਂਘ ਪੈ ਜਾਂਦੀ ਹੈ। ਇਕ ਪਾਸੇ ਤਾਂ ਮਾਤਾ ਜੀ ਪੁਤ੍ਰ (ਵਾਤਸਲ) ਰਸ ਵਿਚ ਭਰੇ ਪਏ ਹਨ। ਦੂਜੇ ਪਾਸੇ ਸ਼ਰਧਾ ਤੇ ਨਿੰਮ੍ਰਤਾ ਵਿਚ ਭਗਤੀ ਛਾ ਰਹੀ ਹੈ ਤੇ ਗੁਰੂ ਭਾਵਨਾ ਦਾ ਪ੍ਰੇਮ ਸਥਾਈ ਵਾਲਾ ਇਲਾਹੀ ਸ਼ਾਂਤਿ ਰਸ ਪੂਰਤ ਹੋ ਰਿਹਾ ਹੈ। ਹਾਂ, 'ਸਾਰੇ ਸੰਸਾਰ ਤੋਂ ਨਿਰਵੇਦ ਸਥਾਈ ਵਾਲਾ' ਸ਼ਾਂਤਿ ਰਸ ਵੀ ਹੈ, ਪਰ ਉਹ ਲੁਕ ਰਿਹਾ ਹੈ ਉੱਚੇ ਰੂਹਾਨੀ ਪ੍ਰੇਮ ਸਥਾਈ ਵਾਲੇ ਸ਼ਾਂਤਿ ਰਸ ਦੇ ਓਹਲੇ।

ਮਰਿਯਾਦਾ ਪੁਰਸ਼ੋਤਮ ਗੁਰੂ ਜੀ ਨੇ ਮਾਤਾ ਨੂੰ ਮਾਤਾ ਤੇ ਨਿਜ ਨੂੰ ਪੁਤ੍ਰ ਜਾਣਕੇ ਉਹ ਆਦਰ ਤੇ ਸਤਿਕਾਰ ਕੀਤਾ ਹੈ ਕਿ ਜੋ ਲੋਕਾਂ ਲਈ ਨਮੂਨਾ ਹੈ, ਕਿ ਸੰਸਾਰਕ ਪ੍ਰਤਾਪ ਪਾ ਕੇ ਚਾਹੋ ਆਤਮ ਸੱਤਿਆ ਦੇ ਸੁਆਮੀ ਹੋ ਕੇ, ਮਾਤਾ ਪਿਤਾ ਸਦਾ ਵੱਡੇ ਅਰ ਸਦਾ ਸਤਿਕਾਰ ਯੋਗ ਹਨ ਅਰ ਕਦੇ ਕੋਈ ਹਾਲਤ ਐਸੀ ਨਹੀਂ ਹੈ ਕਿ ਔਲਾਦ ਮਾਪਿਆਂ ਨੂੰ ਆਪਣੇ ਅੱਗੇ ਝੁਕਾਵੇ। ਜਦ ਗੁਰੂ ਜੀ ਇਹ ਨਮੂਨਾ ਦੱਸਦੇ ਹਨ ਤਦ ਜੀਵਾਂ ਨੂੰ ਮਾਪਿਆਂ ਦਾ ਸਤਿਕਾਰ ਕਿੰਨਾ ਵਧੀਕ ਕਰਨਾ ਚਾਹੀਏ?

ਫੇਰ ਬਹੁਤ ਚਿਰ ਮਾਤਾ ਜੀ ਪੁੱਤ੍ਰ ਜੀ ਦੇ ਪਾਸ ਬੈਠੇ ਰਹੇ। ਹੁਣ ਮਾਤਾ ਜੀ ਨੂੰ ਉਪਕਾਰ ਯਾਦ ਆਇਆ। ਏ ਸੁੱਖ ਨੂੰ ਕੱਲਿਆਂ ਮਾਤਾ ਜੀ ਕਦ ਮਾਣ ਸਕਦੇ ਸੇ? "ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥" ਬੀਬੀ ਰਾਮੋ ਨੂੰ ਸੱਦਿਆ। ਭਾਈ ਸਾਈਂ ਦਾਸ ਜੀ, ਭਾਈ ਨਰੈਣ ਦਾਸ ਜੀ ਤੇ ਬੇਬੇ ਪ੍ਰੇਮ ਦੇਈ ਜੀ ਆਦਿ ਸਾਰੇ ਪਰਵਾਰ ਨੂੰ ਸੱਦਿਆ। ਗੁਰੂ ਜੀ ਆਪਣੇ ਪਰਮ ਪ੍ਰੇਮੀ ਸਾਹੁਰੇ ਪਰਿਵਾਰ ਨੂੰ ਹੁਣ ਘਰ ਵਿਚ ਮਿਲ ਕੇ ਗਦਗਦ ਹੋਏ, ਸਭ ਨੂੰ ਆਤਮ ਵਰ ਦਿਤੇ, ਢੇਰ ਚਿਰ ਵਾਰਤਾਲਾਪ ਹੁੰਦੇ ਰਹੇ। ਬੀਬੀ ਦਮੋਦਰੀ ਜੀ ਨੇ ਪਿਆਰੇ ਪਤੀ ਦੇ ਚਰਨ ਕਵਲ ਪਰਸੇ। ਇਸ ਪ੍ਰਕਾਰ ਪਰਵਾਰ ਦੇ ਪਿਆਰ ਤੇ ਖ਼ੁਸ਼ੀ ਦੇ ਰੰਗਾਂ ਵਿਚ ਗੁਰੂ ਉਦਾਲੇ ਮਾਨੋਂ ਪਰਵਾਰ ਪੈ ਰਿਹਾ ਸੀ। ਦਿਨ ਐਉਂ ਲੰਘਿਆ। ਰਾਤ ਦੱਸੀਦਾ ਹੈ ਕਿ ਹਰਿਮੰਦਰ ਗਏ ਤੇ ਭਾਈ ਬੁੱਢਾ ਜੀ ਦੀ ਚਾੜ੍ਹੀ ਚੌਂਕੀ ਵਿਚ, ਜਦ ਓਹ ਅਕਾਲ ਬੁੰਗੇ ਅੱਪੜੀ, ਜਾ ਦਰਸ਼ਨ ਦਿਤੇ ਤੇ ਫਿਰ ਆਪਣੇ ਸੁਖ ਆਸਣ ਵਿਚ ਜਾ ਬਿਰਾਜੇ।

**-ਸ੍ਰੀ ਅਸ਼ਟ ਗੁਰ ਚਮਤਕਾਰ, ਭਾਗ-3**

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 100ਵਾਂ ਸਥਾਪਨਾ ਦਿਵਸ



ਤੇਜਾ ਸਿੰਘ ਸਮੁੰਦਰੀ ਹਾਲ, ਮੁੱਖ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

1920 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਸਿੱਖ ਇਤਿਹਾਸ 'ਚ ਇਕ ਨਿਵੇਕਲਾ ਕਦਮ ਸੀ ਕਿਉਂਜੋ ਪਹਿਲਾਂ ਗੁਰਦੁਆਰਿਆਂ ਦੀ ਸਾਂਭ-ਸੰਭਾਲ ਗੁਰਮੁਖਾਂ, ਸਾਧੂ ਤਬਕਾ ਜਾਂ ਸਾਧ ਸੰਗਤ ਵੱਲੋਂ ਕੀਤੀ ਜਾਂਦੀ ਸੀ। ਜਨਮਸਾਖੀ ਪਰੰਪਰਾ ਅਨੁਸਾਰ ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ ਦਾ ਇਕ ਪ੍ਰਮੁੱਖ ਮਕਸਦ ਗੁਰਮੁਖਾਂ ਦੀ ਖੋਜ ਸੀ। ਸਿੱਧਾਂ ਵੱਲੋਂ ਇਕ ਵਾਰ ਪੁੱਛੇ ਸੁਆਲ 'ਚ ਉਹਨਾਂ ਆਖਿਆ ਸੀ- 'ਗੁਰਮੁਖਿ ਖੋਜਤ ਭਏ ਉਦਾਸੀ॥' ਗੁਰੂ ਨਾਨਕ ਸਾਹਿਬ ਜਿੱਥੇ-ਜਿੱਥੇ ਗਏ, ਉੱਥੇ ਧਰਮਸਾਲਾਂ (ਗੁਰਦੁਆਰਿਆਂ ਦਾ ਪਹਿਲਾ ਨਾਓਂ) ਕਾਇਮ ਹੋਈਆਂ। ਇਹਨਾਂ ਧਰਮਸਾਲਾਂ ਦੀ ਸੰਭਾਲ, ਮਗਰੋਂ ਇਨ੍ਹਾਂ ਗੁਰਮੁਖਾਂ ਤੇ ਉਹਨਾਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਹੀ ਕੀਤੀ। ਦਸੋਂ ਗੁਰੂ ਸਾਹਿਬਾਨ ਦੇ ਜਿੱਥੇ-ਜਿੱਥੇ ਚਰਨ ਪਏ ਜਾਂ ਜਿੱਥੇ ਉਹਨਾਂ ਕੌਤਕ ਵਰਤਾਏ, ਉਹ ਅਸਥਾਨ ਸੰਗਤਾਂ ਲਈ ਪੂਜਨੀਕ ਹੋਏ ਤੇ ਸਿੱਖ ਪੰਥ ਦੇ ਪ੍ਰਮੁੱਖ ਤੀਰਥ ਬਣੇ। ਇਨ੍ਹਾਂ ਦੀ ਸਾਂਭ-ਸੰਭਾਲ ਉਸ ਸਮੇਂ ਹੋਏ ਗੁਰਸਿੱਖ ਸੰਗਤਾਂ ਦੇ ਸਹਿਯੋਗ ਨਾਲ ਕਰਦੇ ਰਹੇ। ਬਾਬਾ ਬੁੱਢਾ ਜੀ ਵਰਗੀਆਂ ਮਹਾਨ ਸ਼ਖ਼ਸੀਅਤਾਂ ਨੇ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਲਈ। ਬਾਅਦ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਸਾਂਭ-ਸੰਭਾਲ ਸੋਢੀਆਂ ਦੇ ਹੱਥ ਆ ਗਈ, ਪਰ ਜਦ ਸੋਢੀਆਂ ਰਾਹੀਂ ਕੀਤੇ ਪ੍ਰਬੰਧ 'ਚ ਖ਼ਾਮੀਆਂ ਉਜਾਗਰ ਹੋਈਆਂ ਤੇ ਸੰਗਤਾਂ ਰਾਹੀਂ ਸ਼ਿਕਾਇਤਾਂ ਦਸ਼ਮੇਸ਼ ਪਾਸ ਪੁੱਜੀਆਂ ਤਾਂ ਉਹਨਾਂ ਦਰਬਾਰ ਦੇ ਗੁਰਮੁਖ ਜੀਓੜੇ ਭਾਈ ਮਨੀ ਸਿੰਘ ਨੂੰ ਉੱਥੋਂ ਦੀ ਸੇਵਾ-ਸੰਭਾਲ ਲਈ ਘੱਲਿਆ। ਭਾਈ ਸਾਹਿਬ ਨੇ ਉੱਥੇ ਜਾ ਕੇ ਗੁਰੂ-ਘਰ ਦੀ ਮਰਿਆਦਾ ਨੂੰ ਬਹਾਲ ਕੀਤਾ ਤੇ ਹਰਿਮੰਦਰ ਸਾਹਿਬ 'ਚ ਫਿਰ ਤੋਂ ਸੰਗਤਾਂ ਦੀ ਰੌਣਕ ਹੋਣ ਲੱਗੀ।

18ਵੀਂ ਸਦੀ ਦੇ ਸੰਘਰਸ਼ਮਈ ਦੌਰ 'ਚ ਗੁਰਦੁਆਰਿਆਂ ਦੀ ਸੇਵਾ-ਸੰਭਾਲ ਉਦਾਸੀ ਸਾਧੂਆਂ ਨੇ ਕੀਤੀ। ਪੀੜ੍ਹੀ-ਦਰ-ਪੀੜ੍ਹੀ ਚਲਦੀ ਸੰਭਾਲ 'ਚ ਅੱਗੇ ਜਦੋਂ ਸਿੱਖ ਰਾਜ ਦਾ ਸਮਾਂ ਆਇਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਸਾਰੀਆਂ ਜਗੀਰਾਂ-ਜਾਇਦਾਦਾਂ ਗੁਰ-ਅਸਥਾਨਾਂ ਨਾਲ ਜੋੜੀਆਂ। ਇਸ ਵੇਲੇ ਗੁਰ-ਅਸਥਾਨਾਂ ਦੀ ਰੌਣਕ ਵੀ ਵਧੀ ਤੇ ਚੜ੍ਹਾਵਾ ਵੀ। ਗੁਰ-ਅਸਥਾਨਾਂ ਦੀ ਸਾਂਭ-ਸੰਭਾਲ ਕਰਦਾ ਸਾਧੂ ਸਮਾਜ ਤੇ ਇਸਦੇ ਸੰਤ-ਮਹੰਤ ਜੋ ਕਿ ਸਿੱਖ-ਸੰਗਤਾਂ 'ਚ ਵੀ ਬਹੁਤ ਸਤਿਕਾਰਤ ਸਨ, ਸਮੇਂ ਦੇ ਵਹਿਣ 'ਚ ਉਲਟ ਦਿਸ਼ਾਵੀ ਹੋ ਗਏ। ਗੋਲਕ ਤੇ ਸੰਪਤੀ ਨੇ ਮਹੰਤਾਂ ਦੇ ਨਾਮਰਸੀਏ ਚਰਿੱਤਰ ਨੂੰ ਪਲਟ ਕੇ ਮਾਇਆਮੁਖੀ ਬਣਾ ਦਿੱਤਾ। ਫ਼ਲਸਰੂਪ ਮਹੰਤ ਦੇ ਅੰਦਰ ਤ੍ਰਿਸ਼ਨਾ ਤੇ ਵਾਸ਼ਨਾਂ ਦੇ ਫਨ ਨੇ ਸਿਰ ਚੁੱਕ ਲਿਆ। ਇਸ ਵਾਸ਼ਨਾਂ ਨੇ ਉਸਦੇ ਚਰਿੱਤਰ ਨੂੰ ਹਰ ਲਿਆ ਤੇ ਪੂਜਾ-ਪ੍ਰਤਿਸ਼ਟਾ ਨੇ ਹਉਮੈ ਦੀ ਰੰਗਣ ਚਾੜ ਦਿੱਤੀ। ਸਿੱਖ ਰਾਜ ਦੇ ਜਾਂਦਿਆਂ ਜਿਥੇ ਪੰਥ ਨਿਘਾਰ 'ਚ ਗਿਆ ਉਥੇ ਇਹ ਮਹੰਤ ਤਬਕਾ ਵੀ ਭ੍ਰਿਸ਼ਟ ਹੋ ਗਿਆ। ਮਹੰਤਾਂ ਦੇ ਭ੍ਰਿਸ਼ਟ ਵਰਤਾਰੇ ਤੋਂ ਸੰਗਤਾਂ 'ਚ ਬੇਚੈਨੀ ਵਧੀ ਤੇ ਇਹਨਾਂ ਦੀਆਂ ਸ਼ਿਕਾਇਤਾਂ ਨੇ ਸਿੱਖ ਸਮਾਜ ਦੇ ਅੰਦਰ ਪ੍ਰਬਲ ਹਲੂਣਾ ਪੈਦਾ ਕੀਤਾ। ਫ਼ਲਸਰੂਪ ਸੁਸਿੱਖਿਅਤ ਤੇ ਜਾਗਰੂਕ ਤਬਕਾ ਸਿੱਖ ਸੁਧਾਰਕਾਂ ਦੇ ਰੂਪ 'ਚ ਉਗਮਿਆ ਜਿਨ੍ਹਾਂ ਗੁਰ-ਅਸਥਾਨਾਂ ਦਾ ਪ੍ਰਬੰਧ ਸੰਭਾਲ ਰਹੇ ਭ੍ਰਿਸ਼ਟ ਸਾਧੂ ਸਮਾਜ ਨੂੰ ਸੋਧਣ ਦੇ ਜਤਨ ਆਰੰਭ ਦਿੱਤੇ। ਇਨ੍ਹਾਂ ਸੁਧਾਰਕ ਸਿੱਖਾਂ ਨੇ ਮੀਟਿੰਗਾਂ-ਦਰ-ਮੀਟਿੰਗਾਂ ਕਰਕੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ (ਅਕਾਲੀ ਲਹਿਰ) ਦਾ ਮੁੱਢ ਬੰਨ੍ਹ ਦਿੱਤਾ ਤੇ ਇੱਥੋਂ ਸ਼ੁਰੂ ਹੋਇਆ ਗੁਰਦੁਆਰਿਆਂ ਨੂੰ ਇਨ੍ਹਾਂ ਭ੍ਰਸ਼ਟ ਮਹੰਤਾਂ ਤੋਂ ਮੁਕਤ ਕਰਾਉਣ ਦਾ ਸਿਲਸਿਲਾ।

ਗੁਰਦੁਆਰਾ ਬਾਬੇ ਦੀ ਬੇਰ, ਸਿਆਲਕੋਟ ਉਹ ਪਹਿਲਾ ਧਰਮ-ਅਸਥਾਨ ਸੀ ਜਿਸਨੂੰ ਅਕਾਲੀ ਸੁਧਾਰਕਾਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਚਲਾ ਕੇ ਸੰਗਤੀ ਪ੍ਰਬੰਧ ਹੇਠ ਲਿਆਂਦਾ। ਫਿਰ ਮੁੱਖ ਧਰਮ-ਅਸਥਾਨ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਗ੍ਰਜ਼ੀ ਸਰਕਾਰ ਵੱਲੋਂ ਨਾਮਜ਼ਦ ਸਰਬਰਾਹ ਤੋਂ ਆਜ਼ਾਦ ਕਰਾਏ ਗਏ। ਸੁਧਾਰ ਲਹਿਰ ਜ਼ੋਰ ਫੜਦੀ ਗਈ। ਅਕਾਲੀ ਸੁਧਾਰਕਾਂ ਨੇ ਸਥਾਨਕ ਅਕਾਲੀ ਜਥਿਆਂ ਵਿਚ ਆਪਣੇ ਆਪ ਨੂੰ ਸੰਗਠਿਤ ਕਰਕੇ ਇਸ ਕਾਰਵਾਈ ਨੂੰ ਨੇ ਪਰੇ ਚਾੜ੍ਹਿਆ। 1920 ਤੋਂ 1925 ਤੱਕ ਚਲੀ ਇਸ ਸੁਧਾਰ ਲਹਿਰ ਅਧੀਨ ਤਕਰੀਬਨ 300 ਛੋਟੇ-ਵੱਡੇ ਧਾਰਮਿਕ ਅਸਥਾਨਾਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਾਇਆ ਗਿਆ। ਇਸ ਆਜ਼ਾਦ ਕਰਾਏ ਇਤਿਹਾਸਕ ਅਸਥਾਨਾਂ ਦੇ ਪ੍ਰਬੰਧ ਲਈ ਇਕ ਕੇਂਦਰੀ ਜਥੇਬੰਦੀ ਦੀ ਲੋੜ ਨੂੰ ਸ਼ੁਰੂ 'ਚ ਹੀ ਮਹਿਸੂਸ ਕਰ ਲਿਆ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਆਜ਼ਾਦ ਕਰਾਉਣ ਮਗਰੋਂ ਪ੍ਰਬੰਧ ਹਿੱਤ ਇਕ ਪ੍ਰਤਿਨਿਧ ਕਮੇਟੀ ਦੀ ਚੋਣ ਹਿੱਤ 15 ਨਵੰਬਰ, 1920 ਨੂੰ ਅਕਾਲ ਤਖ਼ਤ ਸਾਹਮਣੇ ਸਿੱਖਾਂ ਦੇ ਇਕ ਵਿਸ਼ਾਲ ਇਕੱਠ ਨੂੰ ਬੁਲਾਇਆ

ਗਿਆ। ਪਰ ਮਹੰਤਾਂ-ਪੱਖੀ ਸਰਕਾਰ ਨੂੰ ਸ਼ਾਇਦ ਇਸ ਇਕੱਠ ਦੇ ਮਨਸੂਬੇ ਸੋਝਦੇ ਨਹੀਂ ਸਨ। ਉਨ੍ਹਾਂ ਪਹਿਲਾਂ ਹੀ ਇਕ 36 ਮੈਂਬਰੀ ਆਰਜ਼ੀ ਸਲਾਹਕਾਰ ਕਮੇਟੀ ਦਾ ਐਲਾਨ ਕਰ ਦਿੱਤਾ। ਪਰ 15 ਨਵੰਬਰ ਨੂੰ ਬੁਲਾਈ ਸਿੱਖ ਇਕੱਤਰਤਾ, ਜਿਸ ਵਿਚ 10,000 ਤੋਂ ਵੱਧ ਸਿੱਖ ਪ੍ਰਤੀਨਿਧ ਇਕੱਠੇ ਹੋਏ, ਨੇ ਸਰਕਾਰੀ ਆਰਜ਼ੀ ਸਲਾਹਕਾਰ ਕਮੇਟੀ ਨੂੰ ਰੱਦ ਕਰਕੇ 175 ਮੈਂਬਰਾਂ ਤੇ ਅਧਾਰਿਤ ਆਪਣੀ ਇਕ ਵੱਡੀ ਕਮੇਟੀ ਦੀ ਚੋਣ ਕੀਤੀ ਜਿਸ ਵਿਚ ਸਰਕਾਰੀ ਕਮੇਟੀ ਦੇ ਵੀ 36 ਮੈਂਬਰ ਸ਼ਾਮਲ ਕਰ ਲਏ ਗਏ। 12 ਦਸੰਬਰ, 1920 ਨੂੰ ਸ੍ਰੀ ਅਕਾਲ ਤਖ਼ਤ, ਅੰਮ੍ਰਿਤਸਰ ਵਿਖੇ ਕਮੇਟੀ ਦੀ ਵਿਧੀਵਤ ਪਦ ਸੰਭਾਲਨਾ ਐਲਾਨੀ ਗਈ। ਸਰਦਾਰ ਸੁੰਦਰ ਸਿੰਘ ਮਜੀਠੀਆ ਪ੍ਰਧਾਨ, ਹਰਬੰਸ ਸਿੰਘ ਅਟਾਰੀ ਮੀਤ-ਪ੍ਰਧਾਨ ਅਤੇ ਸਰਦਾਰ ਸੁੰਦਰ ਸਿੰਘ ਰਾਮਗੜ੍ਹੀਆ ਸਕੱਤਰ ਐਲਾਨੇ ਗਏ। ਹਰਿਮੰਦਰ ਸਾਹਿਬ, ਅੰਮ੍ਰਿਤਸਰ ਦਾ ਪ੍ਰਬੰਧ ਚਲਾਉਣ ਹਿੱਤ ਨੇਮਾਵਲੀ ਦਾ ਖਰੜਾ ਤਿਆਰ ਕਰਨ ਲਈ ਇਕ 72 ਮੈਂਬਰੀ ਉਪ-ਕਮੇਟੀ ਕਾਇਮ ਕੀਤੀ ਗਈ। ਆਉਂਦੇ ਵਕਤ ਸ਼੍ਰੋਮਣੀ ਕਮੇਟੀ 'ਚ ਗਰਮ ਖ਼ਿਆਲੀ ਸੁਧਾਰਕਾਂ ਦਾ ਪਲੜਾ ਭਾਰੀ ਰਿਹਾ ਜਿਨ੍ਹਾਂ ਸਾਰੇ ਗੁਰਧਾਮਾਂ ਨੂੰ ਆਜ਼ਾਦ ਕਰਾਉਣ ਅਤੇ ਅਕਾਲੀ ਲਹਿਰ ਦੌਰਾਨ ਗ੍ਰਿਫ਼ਤਾਰ ਹੋਏ ਸਾਰੇ ਅਕਾਲੀ ਕੈਦੀਆ ਦੀ ਰਿਹਾਈ ਦਾ ਟੀਚਾ ਮਿਥਿਆ। ਇਸ ਦੌਰਾਨ ਜਿੱਥੇ ਬਾਕੀ ਗੁਰਦੁਆਰੇ ਮਹੰਤਾਂ ਤੋਂ ਆਜ਼ਾਦ ਕਰਵਾਏ ਗਏ ਉੱਥੇ ਪੰਥ ਨੂੰ 20 ਫ਼ਰਵਰੀ, 1921 ਨੂੰ ਵਾਪਰੇ ਨਨਕਾਣੇ ਦੇ ਸਾਕੇ ਨੂੰ ਵੀ ਹੰਢਾਉਣਾ ਪਿਆ। ਇਸ ਸਮੇਂ ਗੁਰਦੁਆਰਾ ਤਰਨ ਤਾਰਨ ਨੂੰ ਕਬਜ਼ਾਉਣ ਵੇਲੇ ਹੋਈ ਖ਼ੂਨੀ ਝੜਪ ਨੇ ਮਹੰਤਾਂ-ਪੱਖੀ ਸਰਕਾਰ ਦੇ ਕੰਨ ਖੋਲ ਦਿੱਤੇ। ਗੁਰਦੁਆਰਿਆਂ ਨੂੰ ਮਹੰਤਾਂ ਵੱਲੋਂ ਮੁਕਤ ਕਰਾਉਣ ਦੀਆਂ ਸਰਗਰਮੀਆਂ ਜੋਰ ਫੜਦੀਆਂ ਜਾਂ ਰਹੀਆਂ ਸਨ ਤੇ ਉਧਰ ਸਰਕਾਰ ਦੀਆਂ ਚਿੰਤਾਵਾਂ ਵੀ ਵਧਦੀਆਂ ਜਾ ਰਹੀਆਂ ਸਨ। ਗੁਰਦੁਆਰੇ ਆਜ਼ਾਦ ਕਰਾਉਣ ਦਾ ਅਹਿੰਸਕ ਅੰਦੋਲਨ ਕੁਝ ਉਤਸ਼ਾਹੀ ਅਕਾਲੀ ਸੁਧਾਰਕਾਂ ਵੱਲੋਂ ਕਿਤੇ ਕਿਤੇ ਹਿੰਸਕ ਰੂਪ ਵੀ ਅਖ਼ਤਿਆਰ ਕਰ ਰਿਹਾ ਸੀ। ਕੁਝ ਵਾਹ ਨਾ ਚਲਦੀ ਵੇਖ ਸਰਕਾਰ ਨੇ ਇਸ ਸੰਕਟਮਈ ਸਥਿਤੀ ਦਾ ਮੰਥਨ ਕੀਤਾ ਤੇ ਇਸਦਾ ਵਿਧਾਨਕ ਹਲ ਕੱਢਣਾ ਉਚਿਤ ਸਮਝਿਆ। ਸਰਕਾਰ ਵੱਲੋਂ ਗੁਰਦੁਆਰਾ ਬਿਲ ਦਾ ਖਰੜਾ ਤਿਆਰ ਕਰਕੇ ਵਿਧਾਨ ਪਰਿਸ਼ਦ 'ਚ ਪੇਸ਼ ਕੀਤਾ ਗਿਆ ਪਰ ਇਹ ਸਰਬ ਸੰਮਤੀ ਨਾਲ ਪਾਸ ਨਾ ਹੋ ਸਕਿਆ। ਅਜਿਹੀਆਂ ਕੋਸ਼ਿਸ਼ਾਂ ਮਗਰੋਂ ਵੀ ਦੋ-ਤਿੰਨ ਵਾਰ ਕੀਤੀਆਂ ਗਈਆਂ ਪਰ ਸਫ਼ਲਤਾ ਹਾਸਲ ਨਾ ਹੋਈ। ਉਧਰ ਜੈਤੋ ਦਾ ਮੋਰਚਾ ਚੱਲਣ ਕਰਕੇ ਅਕਾਲੀ ਸੁਧਾਰਕਾਂ ਨੇ ਉਸ ਵਿਚ ਸ਼ਮੂਲੀਅਤ ਕੀਤੀ। ਕਿਸੇ ਪਾਸੇ ਗੱਲ ਸਿਰੇ ਨਾ ਲਗਦੀ ਵੇਖ ਹੁਣ ਸਰਕਾਰ ਨੇ ਅਕਾਲੀ ਸੁਧਾਰਕਾਂ ਦੇ ਜਤਨਾਂ ਨੂੰ ਦਬਾਉਣ ਲਈ ਸਖ਼ਤੀ ਕਰਨੀ ਸ਼ੁਰੂ ਕਰਤੀ।

ਇੱਥੋਂ ਤਕ ਕਿ ਉਹਨਾਂ ਦੀ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਗ਼ੈਰ-ਕਾਨੂੰਨੀ ਐਲਾਨ ਦਿੱਤਾ ਗਿਆ। ਟਕਰਾਓ ਚਲਦਾ ਰਿਹਾ ਤੇ ਸਮਝੌਤੇ ਦੀਆਂ ਕੋਸ਼ਿਸ਼ਾਂ ਵੀ ਹੁੰਦੀਆਂ ਰਹੀਆਂ। ਅਖ਼ੀਰ ਪੇਸ਼ ਨਾ ਚਲਦੀ ਵੇਖ ਅਕਾਲੀ ਸੁਧਾਰਕਾਂ ਨਾਲ ਕਈ ਮੀਟਿੰਗਾਂ ਤੋਂ ਮਗਰੋਂ ਤਰਮੀਮਾਂ ਸਹਿਤ ਇਹ ਬਿਲ 7 ਜੁਲਾਈ, 1925 ਨੂੰ ਸਰਬ ਸੰਮਤੀ ਨਾਲ ਪਾਸ ਹੋ ਗਿਆ। ਗਵਰਨਰ ਜਨਰਲ ਦੀ ਰਸਮੀ ਪ੍ਰਧਾਨਗੀ ਮਗਰੋਂ 1 ਨਵੰਬਰ, 1925 ਨੂੰ ਗਜ਼ਟ ਅਧਿਸੂਚਨਾ ਰਾਹੀਂ ਐਕਟ ਬਣ ਗਿਆ। ਇਸ ਨਾਲ ਜਿੱਥੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ (ਅਕਾਲੀ ਲਹਿਰ) ਦਾ ਭੋਗ ਪੈ ਗਿਆ ਉੱਥੇ ਸਾਰੇ ਇਤਿਹਾਸਕ ਅਸਥਾਨਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆ ਗਿਆ ਤੇ ਉਦੋਂ ਤੋਂ ਹੁਣ ਤਕ ਇਹ ਕਮੇਟੀ ਗੁਰਦੁਆਰਾ ਪ੍ਰਬੰਧ ਨੂੰ ਗੁਰਦੁਆਰਾ ਐਕਟ ਜਾਂ ਕਹੁ ਆਪਣੀ ਸੋਚ-ਸਮਝ ਅਨੁਸਾਰ ਚਲਾ ਰਹੀ ਹੈ।

ਹੁਣ ਜਦ ਕਿ ਸ਼੍ਰੋਮਣੀ ਕਮੇਟੀ ਨੂੰ ਹੋਂਦ ਵਿਚ ਆਇਆਂ 100 ਸਾਲ ਹੋ ਚੁੱਕੇ ਹਨ ਤਾਂ ਇਸਦੀ ਮੌਜੂਦਾ ਸਥਿਤੀ ਨੂੰ ਵੀ ਵਾਚ ਲਿਆ ਜਾਏ। ਸ਼੍ਰੋਮਣੀ ਕਮੇਟੀ ਨੇ ਵਿੱਦਿਅਕ, ਪ੍ਰਬੰਧਕੀ ਤੇ ਧਾਰਮਿਕ ਪੱਖੋਂ ਭਾਵੇਂ ਬਹੁਤ ਸਾਰੇ ਅਹਿਮ ਕਾਰਜ ਕੀਤੇ ਹਨ ਪਰ ਸਮੇਂ-ਸਮੇਂ ਤੇ ਇਸਤੇ ਕਈ ਦਾਗ਼ ਵੀ ਲਗਦੇ ਰਹੇ ਹਨ। ਕਾਫ਼ੀ ਸਮੇਂ ਤੋਂ ਇਸ ਨੂੰ ਇਕ ਪਰਿਵਾਰ ਦੀ ਮਲਕੀਅਤ ਵੀ ਕਿਹਾ ਜਾ ਰਿਹਾ ਹੈ। ਮੌਜੂਦਾ ਦੌਰ 'ਚ ਕਈ ਤਰ੍ਹਾਂ ਦੇ ਘਾਲੇ-ਮਾਲੇ ਅਖ਼ਬਾਰਾਂ ਦੀ ਸੁਰਖ਼ੀਆਂ ਬਣੇ ਹਨ। ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦਾ ਮਾਮਲਾ ਸਾਡੇ ਸਾਹਮਣੇ ਹੈ। ਅੱਜ ਲੋੜ ਹੈ ਉਨ੍ਹਾਂ ਗੁਰਮੁਖ ਜੀਓੜਿਆਂ ਦੀ ਜੋ ਇਤਿਹਾਸ ਵਿਚ ਗੁਰ-ਅਸਥਾਨਾਂ ਦਾ ਸੁਚੱਜਾ ਪ੍ਰਬੰਧਾਂ ਕਰਦੇ ਸਨ ਤੇ ਸੰਗਤਾਂ ਉਨ੍ਹਾਂ ਤੇ ਵਿਸ਼ਵਾਸ ਕਰਦੀਆਂ ਸਨ। ਅਜਿਹੇ ਗੁਰਮੁਖ ਜੀਓੜਿਆਂ ਨੂੰ ਵਿਧਾਨਕ ਤਰੀਕੇ ਦੇ ਨਾਲ ਫੌਰੀ ਤੌਰ ਤੇ ਅੱਗੇ ਲਿਆਉਣ ਦੀ ਲੋੜ ਹੈ ਤਾਂ ਜੋ ਗੁਰਦੁਆਰਾ ਪ੍ਰਬੰਧ ਸਵਸਥ ਲੀਹਾਂ ਤੇ ਕਾਇਮ ਹੋਵੇ ਅਤੇ ਗੁਰ-ਅਸਥਾਨਾਂ ਦੀ ਮਹਿਕ ਚਹੁੰ ਕੁੰਟੀ ਪਸਰੇ।

❖ ਮਨਿੰਦਰ ਸਿੰਘ ਸੋਨੀ, 9891591206



**ਇਸਤ੍ਰੀ ਅਕਾਲੀ ਜਥਾ ਜੈਤੋ ਮੋਰਚੇ ਲਈ ਕੂਚ ਕਰਦਾ ਹੋਇਆ।** (ਧੰਨਵਾਦ : ਅਮਰਜੀਤ ਚੰਦਨ, ਲੰਦਨ)

On the first Birth Centenary

# Shiromani Gurdwara Prabandhak Committee : Glorious Past Uncertain Future

❖ **Dr. Mohinder Singh**

This year happens to be centenary of the Shiromani Gurdwara Prabandhak Committee, which came into existence to manage and control the Golden Temple and other historic Gurdwaras liberated from the control of the hereditary Mahants through a non-violent struggle by the Akali reformers (1920-25). With an annual budget of nearly 1000 crores of rupees and nearly 3000 historic Gurdwaras under its control, the SGPC has been wielding tremendous power and influence in the religio-political affairs of the Sikhs and is generally described as 'Mini Parliament of the Panth'.



**To protest against the sacrilege of the sacred volumes of Guru Granth protesters have blocked the entrance of the SGPC Headquarters at Amritsar.**

Sikh shrines, popularly called *Gurdwaras* or *Dharamsals*, have played a vital role in shaping the course of events of the five hundred fifty year old history of the Sikhs and in the development of the Sikh religious tradition. An important part of the Sikh trade – the Guru, the *Granth* and the Gurdwara – these temples have been traditionally the centre of the religious, social, cultural and political life of the Sikhs. Established by Guru Nanak, the founder of the Sikh faith, as centres of religious activity and social and moral instruction, and for providing food and shelter to the poor and the needy, the history of their origin and development is as old as that of the Sikh faith itself.

The Sikh shrines were managed by pious and devout Sikhs like Baba Buddha, Bhai Gurdas, Bhai Mani Singh and others. However during the period of Sikh persecution of the Sikhs when they had to take shelter in the safety of the jungles, control of these shrines passed over to the Mahants who not being Keshadhari Sikhs could escape punishment at the hands of the rulers. In the initial stages these Mahants served the Gurdwaras with utmost devotion and warned their *chelas* to look upon the offering by the devotees as poison which will be difficult to digest. However, with the passage of time and specially during the rise of the Sikhs to political power huge revenue free lands were attached to the historic Gurdwaras and tax free income there of became a source of corruption. Growing political awareness created by the Singh Sabha and other reform movements in Panjab led to some of the leading Sikh intellectuals questioning the misuse of Gurdwara funds by the hereditary Mahants and their *chelas* which led to movement for their liberation popularly called Gurdwara Reform Movement. In the earlier phases of the struggle it were the individual Jathas who led the movement of

reform in their respective areas but soon two representative bodies – (i) the Shiromani Akali Dal which provided the needed volunteers and (ii) the Shiromani Gurdwara Prabandhak Committee which controlled to Gurdwaras liberated by the Akali volunteers – came into being.

> **Growing political awareness created by the Singh Sabha and other reform movements in Panjab led to some of the leading Sikhs intellectuals questioning the misuse of Gurdwara funds by the hereditary Mahants and their *chelas* which led to movement for their liberation popularly called Gurdwara Reform Movement. In the earlier phases of the struggle it were the individual Jathas who led the movement of reform in their respective areas but soon two representative bodies – (i) the Shiromani Akali Dal which provided the needed volunteers and (ii) the Shiromani Gurdwara Prabandhak Committee which controlled to Gurdwaras liberated by the Akali volunteers – came into being.**

As priests of the Golden Temple and other historic Gurdwaras were so far being used to promote loyalty towards the British Raj, this sudden development unnerved the bureaucracy. The government announced a provisional committee of 36 members which the reformers refused to recognise and formed a central organisation under the name of Shiromani Gurdwara Prabandhak Committee to manage historic Gurdwaras which were coming under the control of the Akali reformers through peaceful agitation. However, it was the tragedy resulting from killing of 130 peaceful reformers in Nankana Sahib by the mercenaries hired by Mahant Narain Das on 20$^{th}$ January, 1921, that brought the movement of reform on the national scene. The tragedy greatly perturbed the Sikhs in different parts of the country who vehemently condemned the action of the Mahant and sent messages of sympathy for the Akali martyrs and offered their support to the reformers.

Mahatma Gandhi visited Nankana on 3 March, 1921, to express his sympathy for the Akali martyrs. In a Shahidi Diwan arranged on the same day, the Mahatma made a brief speech in Hindustani in the course of which he said that 'the news of Nankana was so staggering that I would not believe it without confirmation'. Later, in a message to the Sikhs in Lahore, the Mahatma said, 'Everything I saw and heard, points to a second edition of Dyerism, more barbarous, more calculated and more fiendish than the Dyerism of Jallianwala'.

Akali reformers' adherence to non-violence so much impressed the Mahatma that for quite some time the Nankana tragedy figured in his speeches and writings. While addressing the satyagrahis of Mulshi Peta he said:

"I wish to see the bravery of Lachhman Singh and Dalip Singh in Mulshi Peta. Without raising a little finger, these two warriors stood undaunted against the attack of Mahant Narain Das of Nankana Sahib and let themselves be killed."

Gandhi was able to convince his lieutenants in the Congress to support the Akali Movement which offered a good opportunity to demonstrate the efficacy of his experiment of passive suffering. Under the new programme, Akali struggle against a foreign Government became a synonym for reforming Sikh shrines. Akali agitation over the keys' affair, their struggle at Guru-ka-Bagh and the Akali morcha in Jaito are important manifestations of the non-violent nature of the Akali movement. When the authorities decided to return the keys of the Toshakhana of the Golden Temple which had been forcibly taken away, Gandhi sent following telegram to Baba Kharak Singh, President of the S.G.P.C.: "FIRST BATTLE FOR INDIA'S FREEDOM WON. CONGRATULATIONS".

✧ ✧ ✧ ✧ ✧

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਭਾਈ ਰਾਮ ਸਿੰਘ : ਮਹਾਨ ਇਮਾਰਤਸਾਜ਼

❖ ਹਰਪਾਲ ਸਿੰਘ ਪੰਨੂ

ਸਤੰਬਰ 1892 ਵਿੱਚ ਮਲਿਕਾ ਦਾ ਹੁਕਮ ਮਿਲਿਆ ਸੀ ਕਿ ਦਸੰਬਰ ਤੱਕ ਕੰਮ ਮੁਕੰਮਲ ਹੋਣਾ ਚਾਹੀਦਾ ਹੈ। ਰਾਮ ਸਿੰਘ ਖ਼ੁਦ ਰਹਿਣ ਦਾ ਇਛੁੱਕ ਨਹੀਂ ਸੀ। ਗ਼ੈਰ ਹਾਜ਼ਰੀ ਵਿੱਚ ਬੇਟੇ ਦੀ ਮੌਤ ਹੋ ਗਈ, ਉਸਦੇ ਭੋਗ ਉੱਤੇ ਵੀ ਨਾ ਜਾ ਸਕਿਆ। ਘਰ-ਪਰਿਵਾਰ ਦੇ ਅਨੇਕ ਝਮੇਲੇ ਨਿਬੇੜਨ ਵਾਲੇ ਸਨ। ਕਿਪਲਿੰਗ ਸਤੰਬਰ ਵਿੱਚ ਪੰਜਾਬ ਪਰਤ ਆਇਆ। ਮਲਿਕਾ ਦੇ ਸਕੱਤਰ ਅਤੇ ਰਾਮ ਸਿੰਘ ਨਾਲ ਚਿੱਠੀਆਂ ਰਾਹੀਂ ਨਿਰੰਤਰ ਸੰਪਰਕ ਵਿੱਚ ਰਹਿੰਦਾ। ਜਾਣ ਕੇ ਪ੍ਰਸੰਨ ਹੁੰਦਾ ਕਿ ਮਲਿਕਾ ਕੰਮ ਤੋਂ ਪੂਰਨ ਸੰਤੁਸ਼ਟ ਹੈ। ਪੂਰਾ ਕੰਮ 1893 ਵਿੱਚ ਮੁਕੰਮਲ ਹੋਇਆ। ਯੋਰਪ ਦੇ ਅਖ਼ਬਾਰਾਂ ਨੇ ਮੁੱਖ ਪੰਨੇ ਉੱਤੇ ਰਾਮ ਸਿੰਘ ਦੀਆਂ ਫ਼ੋਟੋਆਂ ਛਾਪੀਆਂ, ਹਾਲ ਅੰਦਰਲੇ ਡਿਜ਼ਾਈਨ ਛਾਪੇ। ਮਹਿਲਾਂ ਵਾਲਿਆਂ ਨੇ ਗਿਫਟਾਂ ਦੇ ਢੇਰ ਲਾ ਦਿੱਤੇ। ਮਲਕਾ ਨੇ ਦਸਤਖ਼ਤ ਕਰਕੇ ਆਪਣੀ ਪੇਂਟਿੰਗ ਅਤੇ ਸੋਨੇ ਦਾ ਪੈੱਨ-ਕੇਸ ਦਿੱਤਾ, ਕੋਰਟ ਦੇ ਆਸਟ੍ਰੀਅਨ ਆਰਟਿਸਟ ਰੁਡਲਫ ਸੁਬੋਦਾ ਪਾਸੋਂ ਰਾਮ ਸਿੰਘ ਦੀ ਪੇਂਟਿੰਗ ਬਣਵਾਈ। ਜਦੋਂ ਗੇਟ ਵਿੱਚੋਂ ਦਰਬਾਰ ਹਾਲ ਵਿੱਚ ਦਾਖ਼ਲ ਹੋਈਏ, ਸਭ ਤੋਂ ਪਹਿਲਾਂ ਭਾਈ ਰਾਮ ਸਿੰਘ ਦੀ ਤਸਵੀਰ ਦਿਸਦੀ ਹੈ, ਉਵੇਂ ਦੀ ਉਵੇਂ ਤਰੋਤਾਜ਼ਾ। ਨੈਸ਼ਨਲ ਇੰਡੀਅਨ ਐਸੋਸੀਏਸ਼ਨ ਲੰਡਨ ਨੇ ਸਜ-ਧਜ ਨਾਲ ਸਨਮਾਨ ਦਿੱਤਾ ਜਿਸ ਦਾ ਜ਼ਿਕਰ ਮਾਨ-ਪੱਤਰ ਦੀ ਲਿਖਤ ਵਿੱਚ ਮੌਜੂਦ ਹੈ।



ਸੈਂਟਰਲ ਮਿਊਜ਼ੀਅਮ, ਲਾਹੌਰ।

ਪ੍ਰਿੰਸੀਪਲ ਕਿਪਲਿੰਗ ਜਦੋਂ ਕਿਸੇ ਨਾਲ ਰਾਮ ਸਿੰਘ ਬਾਰੇ ਗੱਲ ਕਰਦਾ, ਆਪਣਾ ਵਾਕ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਕਰਿਆ ਕਰਦਾ, Our most accomplished architect Bhai Ram Singh sir.

ਮਲਿਕ ਉਮਰ ਹਯਾਤ ਖ਼ਾਨ ਦਾ ਖ਼ਤ ਆਇਆ ਕਿ ਉਨ੍ਹਾਂ ਵਾਸਤੇ ਹਵੇਲੀ ਤਿਆਰ ਕਰਨੀ ਹੈ। ਕਿਪਲਿੰਗ ਨੇ ਖ਼ਤ ਰਾਮ ਸਿੰਘ ਨੂੰ ਫੜਾ ਦਿੱਤਾ। ਪ੍ਰਿੰਸੀਪਲ ਨੇ ਇਸ ਖ਼ਤ ਦੇ ਜਵਾਬ ਵਿੱਚ ਲਿਖਿਆ- ਭਾਈ ਰਾਮ ਸਿੰਘ ਇੰਗਲੈਂਡ ਵਿੱਚ ਕੰਮ ਕਰਕੇ ਆਏ ਹਨ, ਸੋ ਪੌਂਡਾਂ ਦੇ ਹਿਸਾਬ ਖ਼ਰਚਾ ਦੇਣਾ ਪਏਗਾ। ਕੋਈ ਇਨਕਾਰ ਨਹੀਂ। ਰਾਮ ਸਿੰਘ ਜਿੰਨੀ ਕੀਮਤੀ ਚੀਜ਼ ਜਦੋਂ ਹੋਰ ਕੋਈ ਹੈ ਈ ਨਹੀਂ, ਤਾਂ ਵੀ ਸਰਕਾਰ ਨੇ ਅਜੇ ਤੱਕ ਉਸਨੂੰ ਗਜ਼ਟਿਡ ਅਫ਼ਸਰ ਨਹੀਂ ਮੰਨਿਆ ਸੀ। 10 ਸਾਲ ਤੋਂ ਪੜ੍ਹਾ ਰਿਹਾ ਸੀ, ਦੁਨੀਆ ਦੀਆਂ ਅੱਖਾਂ ਦਾ ਤਾਰਾ ਬਣ ਚੁੱਕਾ ਸੀ, ਥਾਂ ਥਾਂ ਤੋਂ ਪੇਸ਼ਕਸ਼ਾਂ ਆ ਰਹੀਆਂ ਸਨ। ਚਾਹੁੰਦਾ ਤਾਂ ਕਿਪਲਿੰਗ ਪ੍ਰਾਈਵੇਟ ਆਰਡਰ ਲੈਣ ਤੋਂ ਰੋਕ ਸਕਦਾ ਸੀ, ਸਗੋਂ ਵਧਾਈ ਦਿੰਦਾ, ਉਤਸ਼ਾਹਿਤ ਕਰਦਾ, ਵਿਦਿਆਰਥੀ ਵੀ ਤਾਂ ਸਿੱਖਣਗੇ। ਸਰ ਗੰਗਾ ਰਾਮ ਐਕਸੀਅਨ ਵੱਡੇ ਪ੍ਰਾਜੈਕਟਾਂ ਵਿੱਚ ਰਾਮ ਸਿੰਘ ਨੂੰ ਆਪਣੇ ਨਾਲ ਸਹਾਇਕ ਰੱਖਦੇ। ਪੰਜਾਬ ਚੀਫਜ਼ ਕਾਲਜ ਲਾਹੌਰ, ਫਿਰੋਜ਼ਪੁਰ ਦਾ ਮਿਊਂਸਿਪਲ ਹਾਲ ਅਤੇ ਦਫ਼ਤਰ, ਲੇਡੀ ਐਚੀਸਨ ਹਸਪਤਾਲ ਲਾਹੌਰ, ਨਵਾਂ ਅਜਾਇਬ ਘਰ ਲਾਹੌਰ ਅਤੇ ਖਾਲਸਾ ਕਾਲਜ, ਅੰਮ੍ਰਿਤਸਰ ਵਿੱਚੋਂ ਰਾਮ ਸਿੰਘ ਦੇ ਨੈਣ-ਨਕਸ਼ ਝਲਕ ਰਹੇ ਹਨ। ਲੇਡੀ ਲਾਇਲ ਹੋਮ ਲਾਹੌਰ, ਅਲਬੇਅਰ ਵਿਕਟਰ ਹਸਪਤਾਲ ਲਾਹੌਰ, ਸਰਕਾਰੀ ਕਾਲਜ ਲਾਹੌਰ ਦਾ ਹੋਸਟਲ, ਅੰਮ੍ਰਿਤਸਰ ਦਾ ਮੁਨਸਿਫ ਕੋਰਟ, ਫਿਰੋਜ਼ਪੁਰ ਦਾ ਮੈਮੋਰੀਅਲ ਬਣਾਏ।

ਲੰਮਾ ਸਮਾਂ ਰਾਜ ਕਰਨ ਵਾਸਤੇ ਅੰਗਰੇਜ਼ਾਂ ਨੇ ਯੋਜਨਾ ਬਣਾਈ ਕਿ ਰਾਜਿਆਂ ਅਤੇ ਧਨਾਢਾਂ ਦੇ ਬੱਚਿਆਂ ਵਾਸਤੇ ਸ਼ਾਨਦਾਰ ਸਕੂਲ ਉਸਾਰੀਏ ਜਿੱਥੇ ਪੜ੍ਹਕੇ ਬੱਚੇ ਵੱਡੇ ਹੋ ਕੇ ਸਰਕਾਰ ਦੇ ਵਫ਼ਾਦਾਰ ਅਫ਼ਸਰ ਰਹਿਣ। ਲੈਫਟੀਨੈਂਟ ਗਵਰਨਰ ਚਾਰਲਸ ਐਚੀਸਨ ਨੇ ਇਸ ਕਾਰਜ ਵਾਸਤੇ ਸਕੀਮ ਭੇਜਦਿਆਂ ਭਾਰਤੀ ਰਾਜਿਆਂ ਪਾਸੋਂ ਮਾਇਕ ਸਹਾਇਤਾ ਮੰਗੀ। ਮਹਾਰਾਜਾ ਜੰਮੂ ਕਸ਼ਮੀਰ, ਮਹਾਰਾਜਾ ਪਟਿਆਲਾ, ਬਹਾਵਲਪੁਰ, ਮਲੇਰਕੋਟਲਾ, ਜੀਂਦ, ਨਾਭਾ, ਕਪੂਰਥਲਾ, ਨਾਹਨ, ਫਰੀਦਕੋਟ ਅਤੇ ਚੰਬਾ ਦੇ ਰਾਜਿਆਂ ਨੇ ਧਨ ਦਿੱਤਾ ਜੋ ਜਨਵਰੀ 1886 ਤੱਕ ਦੋ ਲੱਖ ਚਾਲੀ ਹਜ਼ਾਰ ਹੋ ਗਿਆ। ਇਸ ਵਿੱਚ ਅੱਧਾ ਧਨ ਸਰਕਾਰ ਨੇ ਪਾਇਆ। ਛਿਆਸੀ ਏਕੜ ਜ਼ਮੀਨ ਲੈ ਲਈ, ਵੱਡੀ ਨਹਿਰ ਵਿੱਚੋਂ ਸੂਆ ਕੱਢ ਕੇ ਕਾਲਜ ਵਿੱਚੋਂ ਦੀ ਲੰਘਾਇਆ। ਛੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਨਕਸ਼ੇ ਮੰਗੇ, ਜਿਸਦਾ ਨਕਸ਼ਾ ਅਖ਼ੀਰ ਵਿੱਚ ਮਨਜ਼ੂਰ ਹੋਵੇ, ਉਸਨੂੰ ਦੋ ਹਜ਼ਾਰ ਰੁਪਿਆ ਸਨਮਾਨ ਵਜੋਂ

ਦਿੱਤਾ ਜਾਏਗਾ। ਉਸਾਰੀ ਉੱਪਰ ਖ਼ਰਚਾ ਇੱਕ ਲੱਖ ਸੱਠ ਹਜ਼ਾਰ ਹੋਵੇ। ਕਿਪਲਿੰਗ ਨੇ ਰਾਮ ਸਿੰਘ ਨੂੰ ਨਕਸ਼ਾ ਬਣਾਉਣ ਲਈ ਕਿਹਾ। ਰਾਮ ਸਿੰਘ ਨੇ ਕਿਹਾ- ਰਿਹਾਇਸ਼ ਲਈ ਹਵੇਲੀਆਂ, ਮਹਿਲ, ਡ੍ਰਾਇੰਗ ਰੂਮ ਤਾਂ ਮੈਂ ਬਣਾ ਲੈਨਾ, ਵਿੱਦਿਅਕ ਅਦਾਰੇ ਦਾ ਮੇਰਾ ਤਜਰਬਾ ਨਹੀਂ। ਕਿਪਲਿੰਗ ਨੇ ਕਿਹਾ- ਨਕਸ਼ੇ ਬੜੇ ਵਧੀਆ ਬਣਕੇ ਆਉਣਗੇ, ਤੇਰੇ ਵਰਗਾ ਹਾਰ ਸ਼ਿੰਗਾਰ ਕਿਸੇ ਨੂੰ ਨੀ ਕਰਨਾ ਆਉਂਦਾ। ਰਾਮ ਸਿੰਘ ਨਕਸ਼ਾ ਬਣਾ ਕੇ ਦੇ ਆਇਆ। ਅੰਤਿਮ ਤਰੀਕ ਤੱਕ ਕੁੱਲ 29 ਨਕਸ਼ੇ ਪੁੱਜੇ। ਚੌਵੀ ਨਕਸ਼ੇ ਪਹਿਲੀ ਮੀਟਿੰਗ ਵਿੱਚ ਰੱਦ ਹੋ ਗਏ, ਵਾਪਸ ਭੇਜ ਦਿੱਤੇ। ਪੰਜ ਨਕਸ਼ਿਆਂ ਵਿੱਚੋਂ ਜਿਹੜਾ ਅੱਵਲ ਸਮਝਿਆ ਜਾਵੇ ਉਸੇ ਨਕਸ਼ਾ ਨਵੀਸ ਨੂੰ ਕਹਾਂਗੇ ਕਿ ਤੁਸੀਂ ਠੇਕਾ ਲੈ ਕੇ ਇਮਾਰਤ ਆਪ ਬਣਾਉ। ਠੇਕੇ ਲਈ ਨਾ ਮੰਨੇ ਤਨਖ਼ਾਹ ਨਿਸ਼ਚਿਤ ਕਰ ਦਿਉ। ਜੈਪੁਰ ਸਟੇਟ ਦੇ ਐਕਸੀਅਨ ਕਰਨਲ ਸੈਮੁਅਲ ਜੈਕਬ ਦਾ ਨਕਸ਼ਾ ਸਭ ਤੋਂ ਵਧੀਆ ਮੰਨਿਆ ਗਿਆ, ਕਮੇਟੀ ਨੇ ਫ਼ੈਸਲਾ ਕੀਤਾ ਕਿ ਕਰਨਲ ਨੂੰ ਆਖਾਂਗੇ ਮੇਨ ਡਿਜ਼ਾਈਨ ਤੁਹਾਡਾ ਹੋਵੇਗਾ ਪਰ ਸਜਾਵਟ ਰਾਮ ਸਿੰਘ ਦੇ ਨਕਸ਼ੇ ਵਾਲੀ ਰਹੇਗੀ। ਕਰਨਲ ਜੈਕਬ ਭਾਰਤ ਦਾ ਸਭ ਤੋਂ ਵਧ ਪ੍ਰਸਿੱਧ ਇੰਜੀਨੀਅਰ ਅਤੇ ਡਿਜ਼ਾਈਨਰ ਸੀ। ਇਨਾਮੀ ਰਾਸ਼ੀ ਦੋ ਹਜ਼ਾਰ ਤੋਂ ਵਧਾ ਕੇ ਢਾਈ ਹਜ਼ਾਰ ਕੀਤੀ, ਪੰਦਰ੍ਹਾਂ ਸੌ ਕਰਨਲ ਨੂੰ, ਇੱਕ ਹਜ਼ਾਰ ਰਾਮ ਸਿੰਘ ਨੂੰ। ਇਹ ਪ੍ਰਾਪਤੀ ਮੇਓ ਸਕੂਲ ਦੇ ਰਜਿਸਟਰ ਵਿੱਚ ਦਰਜ ਕੀਤੀ ਗਈ। ਨੀਂਹ ਪੱਥਰ ਰੱਖਣ ਦੀ ਰਸਮ ਬਹੁਤ ਵੱਡੇ ਪੱਧਰ ਤੇ ਕਰਨੀ ਸੀ। ਸੱਦਾ ਪੱਤਰ ਦੇ ਇੱਕ ਪਾਸੇ ਅੰਗਰੇਜ਼ੀ ਅੱਖਰ ਸਨ, ਦੂਜੇ ਪਾਸੇ ਰਾਮ ਸਿੰਘ ਵੱਲੋਂ ਸਿਰਜਿਤ ਕਾਲਜ ਦਾ ਸ਼ਾਨਦਾਰ ਫਰੰਟ ਛਾਪਿਆ ਗਿਆ। ਤਿੰਨ ਨਵੰਬਰ, 1886 ਦੇ ਦਿਨ ਵਾਇਸਰਾਇ ਡਫਰਿਨ ਨੀਂਹ ਰੱਖਣ ਆਇਆ, ਰਿਆਸਤਾਂ ਦੇ ਸਾਰੇ ਰਾਜੇ ਹਾਜ਼ਰ ਹੋਣੇ ਹੀ ਸਨ। ਕਨਾਟ ਦਾ ਡਿਊਕ ਅਤੇ ਡਚੈੱਸ ਆਏ, ਖ਼ੁਸ਼ ਹੋਏ ਕਿ ਜਿਸਨੇ ਸਾਡਾ ਬਿਲੀਅਰਡ ਰੂਮ ਸ਼ਿੰਗਾਰਿਆ, ਉਹ ਜੁਆਨ ਆਮ ਨਹੀਂ ਹੈ। ਡੀ.ਪੀ.ਆਈ. ਆਇਆ ਜਿਸ ਦੇ ਦਫ਼ਤਰ ਦੇ ਵਰਾਂਡੇ ਵਿੱਚ ਬੈਠਾ ਰਾਮ ਸਿੰਘ ਪੜ੍ਹਿਆ ਕਰਦਾ ਸੀ। ਨੌਂ ਸਟੇਟਾਂ ਦੇ ਰਾਜਿਆਂ ਨੇ ਰਾਮ ਸਿੰਘ ਦੁਆਲੇ ਘੇਰਾ ਪਾਇਆ ਹੋਇਆ ਸੀ, ਆਪਣੇ ਮਹਿਲਾਂ ਦੀ ਸਜਾਵਟ ਕਰਵਾਉਣੀ ਸੀ, ਕੁਝ ਨਵੇਂ ਬਣਾਉਣੇ ਸਨ, ਸਮਾਂ ਮੰਗ ਰਹੇ ਸਨ। ਚੰਦਰਮਾ ਰਾਮ ਸਿੰਘ ਆਪਣੇ ਆਲੇ-ਦੁਆਲੇ ਤਾਰਿਆਂ ਵਿਚਕਾਰ ਖ਼ੁਸ਼, ਰੱਬ ਦਾ ਸ਼ੁਕਰਗੁਜ਼ਾਰ।

ਵੱਖ-ਵੱਖ ਡਿਜ਼ਾਈਨਾਂ ਦੀਆਂ ਇੱਟਾਂ ਦਾ ਆਰਡਰ ਹੋਇਆ। ਲਾਲ ਰੰਗ ਦਾ ਪੱਥਰ ਮੰਗਵਾਇਆ ਜਿਸਨੇ ਇੱਟਾਂ ਦੇ ਰੰਗ ਨਾਲ ਮੈਚ ਕਰਨਾ ਸੀ। ਜਾਲੀਆਂ, ਝਰੋਖੇ, ਛਤਰੀਆਂ, ਝਾਲਰ ਬਣਨੇ ਸ਼ੁਰੂ ਹੋਏ। ਨਾਲੋਂ ਨਾਲ ਲੱਕੜ ਉੱਪਰ ਕਸੀਦਾਕਾਰੀ ਹੋਣ ਲੱਗੀ ਜੋ ਉਸਦਾ ਪਸੰਦੀਦਾ ਕੰਮ ਸੀ। 1886 ਵਿੱਚ ਸ਼ੁਰੂ ਹੋਈ ਇਮਾਰਤ ਜਨਵਰੀ 1891 ਵਿੱਚ ਪੂਰੀ ਹੋਈ। ਪੈਸੇ ਦੀ ਘਾਟ ਕਾਰਨ ਕੰਮ ਰੁਕਦਾ ਵੀ ਰਿਹਾ। ਕਾਲਜ ਦੇ ਇੱਕ ਕੋਨੇ ਵਿੱਚ ਗੁਰਦੁਆਰਾ ਦੂਜੇ ਕੋਨੇ ਵਿੱਚ ਮਸਜਿਦ ਉਸਾਰੀ ਗਈ। ਕਾਲਜ ਦੀ ਇਮਾਰਤ ਉੱਪਰ ਨਾ ਕਰਨਲ ਜੈਕਬ ਦਾ ਨਾਮ ਲਿਖਿਆ ਨਾ ਰਾਮ ਸਿੰਘ ਦਾ।

ਪਹਿਲਾਂ ਵਿੱਦਿਆ ਕੇਂਦਰ ਧਾਰਮਿਕ ਸਥਾਨਾਂ ਵਿੱਚ ਹੋਇਆ ਕਰਦੇ ਸਨ, ਅੰਗਰੇਜ਼ਾਂ ਨੇ ਵਿੱਦਿਆ ਸੈਕੂਲਰ ਕੀਤੀ। ਸਰਕਾਰ ਨੇ ਰਾਮ ਸਿੰਘ ਤੋਂ ਸਕੂਲ ਦੀ ਇੱਕ ਇਮਾਰਤ ਦਾ ਨਕਸ਼ਾ ਬਣਵਾ ਕੇ ਸਾਰੀਆਂ ਸਟੇਟਾਂ ਵਿੱਚ ਭੇਜ ਦਿੱਤਾ ਕਿ ਮਾੜੀ-ਮੋਟੀ ਸਥਾਨਕ ਤਬਦੀਲੀ ਕਰਕੇ ਇਸ ਨਕਸ਼ੇ ਦੀ ਤਰਜ਼ ਤੇ ਸਕੂਲ ਦੀ ਇਮਾਰਤ ਉਸਾਰਨੀ ਹੈ।




**ਸਤਵੇਂ ਭਾਈ ਚਾਨਣ ਸਿੰਘ ਮੈਮੋਰੀਅਲ ਲੈਕਚਰ ਤਹਿਤ ਭਾਈ ਰਾਮ ਸਿੰਘ ਉੱਪਰ ਹੋਏ ਲੈਕਚਰ ਦੌਰਾਨ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਪ੍ਰੋ. ਪਰਵੇਜ਼ ਵੰਡਾਲ ਤੇ ਹੋਰ ਮਹਿਮਾਨਾਂ ਨੂੰ ਜੀਓ-ਆਇਆਂ ਆਖਦੇ ਹੋਏ।**

ਖਾਲਸਾ ਕਾਲਜ ਉਸਾਰਨ ਵਾਸਤੇ ਸਿੱਖ ਸੰਸਥਾਵਾਂ 1883 ਤੋਂ ਵਿਚਾਰ ਕਰ ਰਹੀਆਂ ਸਨ। ਅੰਮ੍ਰਿਤਸਰ ਦੀ ਸਿੰਘ ਸਭਾ ਚਾਹੁੰਦੀ ਸੀ ਕਾਲਜ ਅੰਮ੍ਰਿਤਸਰ ਬਣੇ ਪਰ ਲਾਹੌਰ ਵਾਲੀ ਸਿੰਘ ਸਭਾ ਬਜ਼ਿਦ ਸੀ ਕਿ ਲਾਹੌਰ ਵਿੱਚ ਬਣਾਵਾਂਗੇ। ਸਿੱਖ ਚਾਹੁੰਦੇ ਸਨ ਸਾਡੇ ਬੱਚੇ ਪੰਜਾਬੀ ਮਾਧਿਅਮ ਵਿੱਚ ਪੜ੍ਹਾਈ ਕਰਨ ਤੇ ਸਿੱਖੀ ਵਿੱਚ ਪ੍ਰਪੱਕ ਹੋਣ। ਖਾਲਸਾ ਪੰਥ ਦੋ ਧੜਿਆਂ ਵਿੱਚ ਵੰਡਿਆ ਗਿਆ, ਦਸਖਤੀ ਮੁਹਿੰਮਾਂ ਚੱਲ ਪਈਆਂ, ਸਿਆਸੀ ਸਫ਼ਬੰਦੀ ਤੇਜ਼ ਹੋ ਗਈ। ਲੈਫਨੀਨੈਂਟ ਗਵਰਨਰ ਸਰ ਜੇਮਜ਼ ਲਾਇਲ ਨੇ ਵੱਖਰੇ ਤੌਰ ਤੇ ਖੁਫੀਆ ਸਰਕਾਰੀ ਰਿਪੋਰਟਾਂ ਲਈਆਂ ਕਿ ਬਹੁਗਿਣਤੀ ਲਾਹੌਰੀਆਂ ਵੱਲ ਹੈ ਕਿ ਅੰਮ੍ਰਿਤਸਰ ਵੱਲ। ਬਹੁਤੇ ਸਿੱਖ ਅੰਮ੍ਰਿਤਸਰ ਦੇ ਹੱਕ ਵਿਚ ਸਨ। ਰਾਮ ਸਿੰਘ ਦੀ ਸਲਾਹ ਲਈ। ਰਾਮ ਸਿੰਘ ਨੇ ਕਿਹਾ- ਅੰਮ੍ਰਿਤਸਰ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਲਈ ਰਾਮਬਾਗ ਬਣਵਾਇਆ ਸੀ। ਜਦੋਂ ਅੰਮ੍ਰਿਤਸਰ ਆਉਂਦਾ ਇੱਥੇ ਰਿਹਾ ਕਰਦਾ। ਲੋਕ ਚਾਹੁੰਦੇ ਸਨ ਰਾਮਬਾਗ ਵਿੱਚ ਖਾਲਸਾ ਕਾਲਜ ਬਣੇ। ਰਾਮ ਸਿੰਘ ਨੇ ਕਿਹਾ- ਰਾਮਬਾਗ ਆਪਣੇ ਆਪ ਵਿੱਚ ਸੁੰਦਰ ਇਤਿਹਾਸਕ ਸਥਾਨ ਹੈ, ਆਰਕਾਈਵ ਹੈ ਜੋ ਕਾਲਜ ਬਣਨ ਨਾਲ ਖ਼ਤਮ ਹੋ ਜਾਵੇਗਾ। ਅੰਮ੍ਰਿਤਸਰ ਵਾਹਗਾ ਜੀ. ਟੀ. ਰੋਡ ਉੱਪਰ ਥਾਂ ਪਸੰਦ ਕੀਤੀ ਗਈ ਜੋ ਸ਼ਹਿਰ ਤੋਂ ਤਿੰਨ ਮੀਲ, ਰੇਲਵੇ ਸਟੇਸ਼ਨ ਤੋਂ ਦੋ ਮੀਲ ਦੂਰ ਸੀ। ਸਤੰਬਰ 1893 ਵਿੱਚ ਦਸ ਹਜ਼ਾਰ ਰੁਪਏ ਨਾਲ 101 ਏਕੜ ਜ਼ਮੀਨ ਖ਼ਰੀਦੀ ਗਈ। ਦਸ ਹਜ਼ਾਰ ਵਿਚ 101 ਏਕੜ, ਪੱਧਰ ਉਪਜਾਊ ਜ਼ਮੀਨ ਸੌ ਰੁਪਏ ਏਕੜ, ਪਾਠਕ ਇੱਥੋਂ ਉਸ ਸਮੇ ਦੇ ਰੁਪਏ ਦੀ ਕੀਮਤ ਦਾ ਅੰਦਾਜ਼ਾ ਲਾਉਣ।

ਸਰ ਲਾਇਲ ਨੇ ਲਾਹੌਰੀ ਸੰਗਤ ਨੂੰ ਅੰਮ੍ਰਿਤਸਰ ਦੇ ਹੱਕ ਵਿੱਚ ਮਨਾ ਲਿਆ ਤੇ ਪੰਜ ਮਾਰਚ 1892 ਨੂੰ ਨੀਂਹ ਪੱਥਰ ਰੱਖ ਦਿੱਤਾ। ਰਿਆਸਤਾਂ ਨੂੰ ਅਪੀਲ ਕੀਤੀ ਕਿ ਦਾਨ ਦੇਣ। ਮਹਾਰਾਜਾ ਪਟਿਆਲਾ ਨੇ ਸਭ ਤੋਂ ਪਹਿਲੋਂ ਸਭ ਤੋਂ ਵੱਡੀ ਰਕਮ ਇੱਕ ਲੱਖ ਪੈਂਹਠ ਹਜ਼ਾਰ ਰੁਪਏ ਭੇਜੀ। ਕੁੱਲ ਸਾਢੇ ਚਾਰ ਲੱਖ ਇਕੱਠਾ ਹੋ ਗਿਆ। ਨਾਲ ਇਹ ਵੀ ਫ਼ੈਸਲਾ ਹੋ ਗਿਆ ਕਿ ਕਾਲਜ ਦੇ ਨਾਲ ਨਾਲ ਇੱਥੇ ਸਕੂਲ ਵੀ ਉਸਾਰਨਾ ਹੈ। ਹੋਰ ਸਭ ਵਿਉਂਤਬੰਦੀ ਹੋ ਗਈ ਪਰ ਆਖ਼ਰੀ ਫ਼ੈਸਲਾ ਭਾਈ ਰਾਮ ਸਿੰਘ ਦੇ ਡਿਜ਼ਾਈਨ ਨਾਲ ਹੋਵੇਗਾ। ਉਹ ਇੰਗਲੈਂਡ ਤੋਂ ਖਤਾਂ ਰਾਹੀਂ ਆਪਣੇ ਸੁਝਾਉ ਦਿੰਦਾ ਰਹਿੰਦਾ ਪਰ ਅਸਲ ਕੰਮ ਅਪ੍ਰੈਲ 1893 ਵਿੱਚ ਉਦੋਂ ਸ਼ੁਰੂ ਹੋਇਆ ਜਦੋਂ ਰਾਮ ਸਿੰਘ ਦੇਸ ਪਰਤਿਆ।

**(ਇਸ ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

# ਡਾ. ਗੰਡਾ ਸਿੰਘ : ਸ਼ਿਰੋਮਣੀ ਸਿੱਖ ਇਤਿਹਾਸਕਾਰ

❖ ਡਾ. ਮਹਿੰਦਰ ਸਿੰਘ

**ਜਦੋਂ ਤੱਕ ਸ਼ੇਰਾਂ ਦਾ ਇਤਿਹਾਸ ਲਿਖਣ ਵਾਲੇ ਸ਼ੇਰਾਂ ਦੇ ਆਪਣੇ ਇਤਿਹਾਸਕਾਰ ਨਹੀਂ ਜੰਮਦੇ ਸ਼ਿਕਾਰ ਵਿਚ ਜਿੱਤ ਹਮੇਸ਼ਾ ਸ਼ਿਕਾਰੀ ਦੀ ਹੀ ਹੋਵੇਗੀ।**

-ਇਕ ਅਫ਼ਰੀਕਨ ਲੋਕ-ਗਾਥਾ

ਉਪਰਲੀ ਅਫ਼ਰੀਕਨ ਲੋਕ-ਗਾਥਾ ਸਿੱਖਾਂ ਦੇ ਇਤਿਹਾਸ ਬਾਰੇ ਖ਼ੂਬ ਢੁਕਵੀਂ ਹੈ। ਕਹਿੰਦੇ ਹਨ ਕਿ ਸਿੱਖ 18ਵੀਂ ਸਦੀ ਤੱਕ ਮੁਸਲਿਮ ਧਾੜਵੀਆਂ ਤੇ ਜ਼ੁਲਮੀ ਹਾਕਮਾਂ ਨਾਲ ਜੂਝਦੇ ਰਹੇ ਅਤੇ ਗ਼ੈਰ-ਸਿੱਖ ਇਤਿਹਾਸਕਾਰ ਆਪਣੇ ਨਜ਼ਰੀਏ ਤੋਂ ਉਹਨਾਂ ਦਾ ਇਤਿਹਾਸ ਲਿਖਦੇ ਰਹੇ। ਸਿੱਖ ਇਤਿਹਾਸ ਵਿਚ ਇਕ ਵੱਡਾ ਮੋੜ ਉਦੋਂ ਆਇਆ ਜਦੋਂ 19ਵੀਂ ਸਦੀ ਦੇ ਆਖ਼ਰੀ ਤੇ 20ਵੀਂ ਸਦੀ ਦੇ ਪਹਿਲੇ ਸਾਲਾਂ ਵਿਚ ਸਿੱਖਾਂ ਦੇ ਆਪਣੇ ਇਤਿਹਾਸਕਾਰਾਂ ਪ੍ਰੋ. ਸੀਤਾ ਰਾਮ ਕੋਹਲੀ (28 ਫ਼ਰਵਰੀ, 1889 ਈ. ਤੋਂ 1962 ਈ.), *Sunset of the Sikh Empire*, ਡਾ. ਹਰੀ ਰਾਮ ਗੁਪਤਾ (5 ਫ਼ਰਵਰੀ, 1902 ਈ. ਤੋਂ 28 ਮਾਰਚ, 1992 ਈ.), *History of the Sikhs, (in five volumes)* ਅਤੇ ਡਾਕਟਰ ਗੰਡਾ ਸਿੰਘ (15 ਨਵੰਬਰ, 1900 ਈ. ਤੋਂ 27 ਦਸੰਬਰ, 1987 ਈ.), *Ahmad Shah Durrani: Father of Modern Afghanistan* ਨੇ ਤੱਥਾਂ ’ਤੇ ਆਧਾਰਿਤ ਨਿਰਪੱਖ ਇਤਿਹਾਸ ਲਿਖਣਾ ਸ਼ੁਰੂ ਕੀਤਾ। 2 ਫ਼ਰਵਰੀ, 1915 ਈ. ਵਿਚ ਜਨਮੇਂ ਖੁਸ਼ਵੰਤ ਸਿੰਘ ਭਾਵੇਂ ਕਿੱਤੇ ਵਜੋਂ ਇਕ ਪੱਤਰਕਾਰ ਸਨ, ਨੇ 1963 ਵਿਚ ਦੋ ਜਿਲਦਾਂ ਵਿਚ *A History of the Sikhs* ਛਾਪ ਕੇ ਸਿੱਖਾਂ ਦੀ ਅੰਤਰ-ਰਾਸ਼ਟਰੀ ਪੱਧਰ ’ਤੇ ਪਛਾਣ ਸਥਾਪਿਤ ਕਰ ਦਿੱਤੀ। ਇਹ ਇਕ ਹੈਰਾਨੀ-ਜਨਕ ਗੱਲ ਹੈ ਕਿ ਗੰਡਾ ਸਿੰਘ ਨੇ 19 ਸਾਲਾਂ ਦੀ ਉਮਰ ਵਿਚ ਇਕ ਫ਼ੌਜੀ ਵਜੋਂ ਜ਼ਿੰਦਗੀ ਸ਼ੁਰੂ ਕਰਕੇ 42 ਸਾਲਾਂ ਦੀ ਉਮਰ ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਇਤਿਹਾਸ ਦੀ ਐੱਮ.ਏ. ਫ਼ਸਟ ਕਲਾਸ ਫ਼ਸਟ ਵਿਚ ਪਾਸ ਕੀਤੀ ਤੇ ਤਕਰੀਬਨ 6 ਦਰਜਨ ਪੁਸਤਕਾਂ ਤੇ 350 ਖੋਜ-ਪੱਤਰ ਲਿਖ ਕੇ ਪੰਜਾਬ ਇਤਿਹਾਸਕਾਰਾਂ ਦੇ ਕਬੀਲੇ ਦੇ ਸਰਦਾਰ ਬਣ ਗਏ। ਅਹਿਮਦ ਸ਼ਾਹ ਦੁਰਾਨੀ ਦੇ ਕਾਫ਼ਲੇ ਨਾਲ ਆਇਆ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਆਪਣੇ ਬਿਰਤਾਂਤ **ਜੰਗਨਾਮਾ** ਵਿਚ ਸਿੱਖਾਂ ਨੂੰ ‘ਕੁੱਤੇ’ (ਸਗ) ਕਰਕੇ ਲਿਖਦਾ ਹੈ ਪਰ ਸਿੱਖਾਂ ਦੇ ਕਿਰਦਾਰ ਦੀਆਂ ਖ਼ੂਬੀਆਂ ਦਾ ਜ਼ਿਕਰ ਕਰਨੋ ਉਹ ਆਪਣੇ ਆਪ ਨੂੰ ਨਹੀਂ ਸੀ ਰੋਕ ਸਕਿਆ। ਰਿਚਰਡ ਫੋਕਸ ਆਪਣੀ ਪੁਸਤਕ *Lions of the Panjab* ਵਿਚ ਸਿੱਖਾਂ ਨੂੰ ਸ਼ੇਰਾਂ ਦੀ ਬਹਾਦਰ ਕੌਮ ਤਾਂ ਜ਼ਰੂਰ ਲਿਖਦਾ ਹੈ ਪਰ ਉਹ ਇਹ ਸਿੱਧ ਕਰਦਾ ਹੈ ਕਿ ਅੰਗਰੇਜ਼ਾਂ ਨੇ ਉਹਨਾਂ ਨੂੰ ਆਪਣੀਆਂ ਲੜਾਈਆਂ ਵਿਚ ਵਰਤਣ ਲਈ ‘ਸ਼ੇਰ’ ਬਣਾਇਆ।



**ਡਾ. ਗੰਡਾ ਸਿੰਘ**
**(15 ਨਵੰਬਰ, 1900 – 27 ਦਸੰਬਰ, 1987)**

ਸਿੱਖ ਇਤਿਹਾਸਕਾਰੀ ਦੇ ਸਿਰਮੌਰ ਹਸਤਾਖ਼ਰ ਡਾਕਟਰ ਗੰਡਾ ਸਿੰਘ ਦਾ ਜਨਮ 15 ਨਵੰਬਰ, 1900 ਈ. ਨੂੰ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਹਰਿਆਣਾ ਨਾਮਕ ਇਤਿਹਾਸਕ ਕਸਬੇ ਦੇ ਪਿੰਡ ਪੁਰਹੀਰਾਂ ਵਿਖੇ ਮਾਤਾ ਹੁਕਮ ਦੇਈ ਦੀ ਕੁੱਖੋਂ ਹੋਇਆ। ਉਹਨਾਂ ਦੇ ਪਿਤਾ ਸ. ਜਵਾਲਾ ਸਿੰਘ ਉਸ ਵੇਲੇ ਦੀ ਸਰਕਾਰ ਦੇ ਮਾਲ ਵਿਭਾਗ ਵਿਚ ਮੁਲਾਜ਼ਮ ਸਨ। ਗੰਡਾ ਸਿੰਘ ਬਚਪਨ ਤੋਂ ਹੀ ਆਪਣੀ ਨਾਨੀ ਕੋਲੋਂ ਸਿੱਖ ਦਰਬਾਰ ਦੇ ਮਹਾਨ ਜਰਨੈਲਾਂ ਅਤੇ ਸਿੱਖ ਸਿਪਾਹੀਆਂ ਦੀ ਬਹਾਦਰੀ ਤੇ ਗੁਣ-ਗਾਣ ਦੇ ਕਿੱਸੇ ਸੁਣ-ਸੁਣ ਕੇ ਵੱਡੇ ਹੋ ਰਹੇ ਸਨ। ਨਿੱਕੀ ਉਮਰੇ ਨਾਨੀ ਦੀ ਬੁੱਕਲ ’ਚ ਬਹਿ ਕੇ ਸੁਣੇ ਸਿੱਖਾਂ ਦੀ ਬਹਾਦਰੀ ਦੇ ਸਾਕੇ ਬਾਲ ਮਨ ਉੱਤੇ ਡੂੰਘਾ ਅਸਰ ਕਰ ਗਏ। ਸ. ਜਵਾਲਾ ਸਿੰਘ ਦਾ ਪੁੱਤਰ ਗੰਡਾ ਸਿੰਘ ਜਦ ਬਚਪਨ ਦੀਆਂ ਵਾਟਾਂ ਤੈਅ ਕਰਕੇ ਜਵਾਨੀ ਦੇ ਬੂਹੇ ’ਤੇ ਢੁੱਕਿਆ ਤਾਂ ਬਾਲ ਵਰੇਸ ’ਚ ਸੁਣੇ ਬਹਾਦਰੀ ਦੇ ਕਿੱਸਿਆਂ ਦੇ ਨਾਇਕਾਂ ਤੇ ਯੋਧਿਆਂ ਦੇ ਬਿੰਬ ਜਿਵੇਂ ਉਸ ਦੇ ਅਵਚੇਤਨ ਮਨ ਦੀਆਂ ਤਹਿਆਂ ’ਚੋਂ ਇਕ ਦਮ ਜਾਗ ਪਏ ਹੋਣ। ਉਹਨਾਂ ਨੇ ਆਪਣੀ ਮੁੱਢਲੀ ਤਾਲੀਮ ਕਸਬੇ ਦੀ ਮਸੀਤ ਤੋਂ ਸ਼ੁਰੂ ਕੀਤੀ, ਜਿੱਥੇ ਉਹਨਾਂ ਨੂੰ ਫ਼ਾਰਸੀ ਦੀ ਮੁੱਢਲੀ ਮੁਹਾਰਤ ਹਾਸਿਲ ਹੋਈ ਕਿਉਂਕਿ ਉਹਨਾਂ ਦਿਨਾਂ ਵਿਚ ਫ਼ਾਰਸੀ ਹੀ ਮੁੱਢਲੀ ਸਿੱਖਿਆ ਦਾ ਪ੍ਰਮੁੱਖ ਮਾਧਿਅਮ ਸੀ। ਪ੍ਰਾਇਮਰੀ ਦਾ ਇਮਤਿਹਾਨ ਉਹਨਾਂ ਆਪਣੇ ਕਸਬੇ ਹਰਿਆਣਾ ਦੇ ਸਰਕਾਰੀ ਸਕੂਲ ਤੋਂ ਹੀ ਪਾਸ ਕੀਤਾ ਤੇ ਫਿਰ ਬਾਅਦ ਵਿਚ ਮਿਡਲ ਦੀ ਪੜ੍ਹਾਈ ਲਈ ਉਹਨਾਂ ਉੱਥੋਂ ਦੇ ਡੀ.ਏ.ਵੀ. ਸਕੂਲ ਨੂੰ ਚੁਣਿਆ, ਜਿੱਥੇ ਉਹਨਾਂ ਨੂੰ ਹਿੰਦੀ ਤੇ ਸੰਸਕ੍ਰਿਤ ਦਾ ਮੁੱਢਲਾ ਗਿਆਨ ਹਾਸਿਲ ਹੋਇਆ। ਮਿਡਲ ਪਾਸ ਕਰਨ ਉਪਰੰਤ ਉਹ ਮੈਟ੍ਰਿਕ ਦੀ ਪੜ੍ਹਾਈ ਲਈ ਹੁਸ਼ਿਆਰਪੁਰ ਦੇ ਗੌਰਮਿੰਟ ਹਾਈ ਸਕੂਲ ਵਿਚ ਜਾ ਦਾਖ਼ਲ ਹੋਏ। ਇੱਥੇ ਉਹਨਾਂ ਨੂੰ

ਉਚੇਚੇ ਤੌਰ ’ਤੇ ਸੰਸਕ੍ਰਿਤ ਸਿੱਖਣ ਦਾ ਮੌਕਾ ਮਿਲਿਆ। ਇੱਥੇ ਹੀ ਪੜ੍ਹਦਿਆਂ ਗੰਡਾ ਸਿੰਘ ਆਪਣੀ ਮਿਹਨਤ ਤੇ ਲਗਨ ਸਦਕਾ ਮੁੱਖ ਅਧਿਆਪਕ ਜੇਮਜ਼ ਮਾਰ ਤੇ ਦੂਜੇ ਅਧਿਆਪਕਾਂ ਦੇ ਚਹੇਤੇ ਵਿਦਿਆਰਥੀ ਬਣ ਗਏ। ਨਾਨੀ ਤੋਂ ਬਚਪਨ ਵਿਚ ਸੁਣੀਆਂ ਇਤਿਹਾਸਕ ਕਹਾਣੀਆਂ, ਮੁੱਖ ਅਧਿਆਪਕ ਤੇ ਬਾਕੀ ਦੇ ਅਧਿਆਪਕਾਂ ਤੋਂ ਮਿਲੇ ਪਿਆਰ ਸਦਕਾ ਗੰਡਾ ਸਿੰਘ ਦੀ ਇਤਿਹਾਸ ਅਤੇ ਭੂਗੋਲ ਦੇ ਖੇਤਰ ਵਿਚ ਰੁਚੀ ਪ੍ਰਬਲ ਹੋ ਗਈ। 1919 ਈ. ਵਿਚ ਮੈਟ੍ਰਿਕ ਪਾਸ ਕਰਨ ਉਪਰੰਤ ਉਹਨਾਂ ਉੱਚ ਵਿੱਦਿਆ ਪ੍ਰਾਪਤੀ ਲਈ ਲਾਹੌਰ ਦੇ ਫਾਰਮਨ ਕ੍ਰਿਸ਼ਚਨ ਕਾਲਜ ਵਿਚ ਐੱਫ਼.ਏ. ਵਿਚ ਦਾਖ਼ਲਾ ਲੈ ਲਿਆ, ਜੋ ਕਿ ਉਸ ਵੇਲੇ ਅਜੋਕੀ ਬਾਹਰਵੀਂ ਜਮਾਤ ਦੇ ਬਰਾਬਰ ਸੀ।




**ਭਾਰਤ ਸਰਕਾਰ ਵਲੋਂ 24 ਮਾਰਚ, 1984 ਨੂੰ ਡਾਕਟਰ ਗੰਡਾ ਸਿੰਘ ਨੂੰ ਪਦਮ ਭੂਸ਼ਨ ਅਤੇ ਅਜੀਤ ਅਖ਼ਬਾਰ ਦੇ ਬਾਨੀ ਡਾ. ਸਾਧੂ ਸਿੰਘ ਹਮਦਰਦ ਨੂੰ ਪਦਮ ਸ਼੍ਰੀ ਨਾਲ ਸਨਮਾਨਿਤ ਕਰਨ ’ਤੇ ਗੁਰੂ ਨਾਨਕ ਫ਼ਾਊਂਡੇਸ਼ਨ, ਨਵੀਂ ਦਿੱਲੀ ਨੇ ਉਹਨਾਂ ਦੇ ਸਨਮਾਨ ਵਿਚ ਰਾਤ ਦਾ ਖਾਣਾ ਦਿੱਤਾ। ਤਸਵੀਰ ਵਿਚ ਗੁਰੂ ਨਾਨਕ ਫ਼ਾਊਂਡੇਸ਼ਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਮਹਿਮਾਨਾਂ ਨੂੰ ਜੀਓ ਆਇਆਂ ਕਹਿ ਰਹੇ ਹਨ। (ਖੱਬਿਓਂ ਸੱਜੇ) ਮੁੱਖ ਮਹਿਮਾਨ ਡਾਕਟਰ ਗੰਡਾ ਸਿੰਘ, ਕੇਂਦਰੀ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਸ. ਬੂਟਾ ਸਿੰਘ, ਡਾ. ਸਾਧੂ ਸਿੰਘ ਹਮਦਰਦ, ਦਿੱਲੀ ਦੇ ਮੇਅਰ ਸ. ਮਹਿੰਦਰ ਸਿੰਘ ਸਾਥੀ ਅਤੇ ਚੈਮਸਫੋਰਡ ਕਲੱਬ ਦੇ ਸਕੱਤਰ ਸ. ਪੀ.ਐੱਸ. ਬੇਦੀ।** **(ਲੇਖਕ ਦੇ ਨਿੱਜੀ ਸੰਗ੍ਰਹਿ ਵਿਚੋਂ)**

ਡਾਕਟਰ ਗੰਡਾ ਸਿੰਘ ਦਾ ਜੀਵਨ ਇਕ ਦਿਲਚਸਪ ਤੇ ਰੋਮਾਂਚਿਕ ਗਾਥਾ ਹੈ। ਕਿਵੇਂ ਇਕ 19 ਵਰ੍ਹਿਆਂ ਦਾ ਬਸਰੇ ਵਾਲਾ ਫ਼ੌਜੀ ਆਪਣੇ ਕਮਾਂਡਰ ਸਰ ਅਰਨਾਲਡ ਵਿਲਸਨ ਦੀ ਇਤਿਹਾਸ ਵਿਚ ਦਿਲਚਸਪੀ ਤੋਂ ਪ੍ਰੇਰਿਤ ਹੋ ਕੇ 30 ਸਾਲਾਂ ਦੀ ਉਮਰ ਵਿਚ ਵਿੱਦਿਅਕ ਖੇਤਰ ਵਿਚ ਵਾਪਿਸ ਪਰਤਿਆ ਤੇ 44 ਸਾਲਾਂ ਦੀ ਉਮਰ ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਇਤਿਹਾਸ ਦੀ ਐੱਮ.ਏ. ਫ਼ਸਟ ਕਲਾਸ ਫ਼ਸਟ ਵਿਚ ਪਾਸ ਕਰਕੇ ਰਿਕਾਰਡ ਕਾਇਮ ਕੀਤਾ। ਉਸ ਨੇ 54 ਸਾਲਾਂ ਦੀ ਉਮਰ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪੀਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ। ਉਹਨਾਂ ਦੇ ਖੋਜ ਪ੍ਰਬੰਧ ’ਤੇ ਅਧਾਰਿਤ 1969 ਈ. ਵਿਚ ਛਪੀ ਪੁਸਤਕ *Ahmad Shah Durrani: Father of Modern Afghanistan* ਨੇ ਉਹਨਾਂ ਨੂੰ ਮੱਧ-ਕਾਲੀਨ ਭਾਰਤ ਦੇ ਇਤਿਹਾਸਕਾਰਾਂ ਦੀ ਪਹਿਲੀ ਕਤਾਰ ਵਿਚ ਖੜ੍ਹਾ ਕਰ ਦਿੱਤਾ ਤੇ ਸਿੱਖ ਇਤਿਹਾਸ ਬਾਰੇ 6 ਦਰਜਨ ਪੁਸਤਕਾਂ ਅਤੇ 350 ਦੇ ਕਰੀਬ ਖੋਜ-ਪੱਤਰ ਲਿਖ ਕੇ ਡਾਕਟਰ ਗੰਡਾ ਸਿੰਘ ਸਿੱਖਾਂ ਦੇ ਸਤਿਕਾਰਤ ਇਤਿਹਾਸਕਾਰ ਬਣ ਗਏ।



**ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਡਾ. ਗੰਡਾ ਸਿੰਘ ਨੂੰ ਪਦਮ ਭੂਸ਼ਨ ਨਾਲ ਸਨਮਾਨਿਤ ਕਰਦੇ ਹੋਏ।**

ਡਾਕਟਰ ਗੰਡਾ ਸਿੰਘ ਕੇਵਲ ਮਹਾਨ ਇਤਿਹਾਸਕਾਰ ਹੀ ਨਹੀਂ ਸਨ ਸਗੋਂ ਕਈ ਵੱਡੀਆਂ ਸੰਸਥਾਵਾਂ ਦੇ ਉਸਰੱਈਏ ਵੀ ਸਨ। ਉਹਨਾਂ ਨੇ ਆਧੁਨਿਕ ਲੀਹਾਂ ’ਤੇ ਤੱਥਾਂ ਉੱਤੇ ਆਧਾਰਿਤ ਪੰਜਾਬ ਦਾ ਇਤਿਹਾਸ ਲਿਖਣ ਲਈ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਸਿੱਖ ਇਤਿਹਾਸ ਖੋਜ-ਕੇਂਦਰ ਦੀ ਸਥਾਪਨਾ ਕੀਤੀ। ਦੇਸ਼ਾਂ-ਵਿਦੇਸ਼ਾਂ ਦੀਆਂ ਪ੍ਰਸਿੱਧ ਲਾਇਬ੍ਰੇਰੀਆਂ ਵਿਚੋਂ ਇਤਿਹਾਸਕ ਸਮੱਗਰੀ ਦੀਆਂ ਨਕਲਾਂ ਕਰਵਾ ਕੇ ਵਿਭਾਗ ਨੂੰ ਵੱਡਮੁੱਲੇ ਖੋਜ-ਕੇਂਦਰ ਵਜੋਂ ਸਥਾਪਿਤ ਕਰ ਦਿੱਤਾ। ਪੈਪਸੂ ਸਰਕਾਰ ਦੇ ਸੱਦੇ ’ਤੇ ਡਾਇਰੈਕਟਰ ਆਫ਼ ਆਰਕਾਈਵਜ਼ ਵਜੋਂ ’ਤੇ ਫਿਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਸਥਾਪਤ ਪੰਜਾਬ ਹਿਸਟੋਰੀਕਲ ਸਟੱਡੀਜ਼ ਵਿਭਾਗ ਦੇ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਉਂਦਿਆਂ ਉਹਨਾਂ ਨੇ ਪੰਜਾਬ ਇਤਿਹਾਸ ਨੂੰ ਵਿਸ਼ਵ ਦੇ ਨਕਸ਼ੇ ’ਤੇ ਲੈ ਆਂਦਾ।

---

ਲੇਖਕ ਦੀ ਨੈਸ਼ਨਲ ਬੁੱਕ ਟਰਸਟ ਵਲੋਂ ਛਾਪੀ ਗਈ ਪੁਸਤਕ **ਡਾ. ਗੰਡਾ ਸਿੰਘ: ਇਤਿਹਾਸਕਾਰ ਤੇ ਸੰਸਥਾਵਾਂ ਦੇ ਉਸਰੱਈਏ** ਵਿਚੋਂ ਧੰਨਵਾਦ ਸਹਿਤ।

✧ ✧ ✧ ✧ ✧

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੬, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੮੯}

**ਮੂਲ** [ਵਡਹੰਸੁ ਮਹਲਾ ੧, ਛੰਤ ੨] **ਅਰਥ**

**ਜੁਗਹ ਜੁਗੰਤਰਿ ਭਗਤ ਤੁਮਾਰੇ॥ ਕੀਰਤਿ ਕਰਹਿ ਸੁਆਮੀ ਤੇਰੈ ਦੁਆਰੇ॥ ਜਪਹਿ ਤ ਸਾਚਾ ਏਕੁ ਮੁਰਾਰੇ॥ ਸਾਚਾ ਮੁਰਾਰੇ ਤਾਮਿ ਜਾਪਹਿ ਜਾਮਿ ਮੰਨਿ ਵਸਾਵਹੇ॥ ਭਰਮੋ ਭੁਲਾਵਾ ਤੁਝਹਿ ਕੀਆ ਜਾਮਿ ਏਹੁ ਚੁਕਾਵਹੇ॥ ਗੁਰ ਪਰਸਾਦੀ ਕਰਹੁ ਕਿਰਪਾ ਲੇਹੁ ਜਮਹੁ ਉਬਾਰੇ॥ ਜੁਗਹ ਜੁਗੰਤਰਿ ਭਗਤ ਤੁਮਾਰੇ॥੫॥**

ਜੁਗਾਂ ਜੁਗਾਂ ਅੰਤਰ ਤੁਹਾਡੇ ਭਗਤ, ਹੇ ਸੁਆਮੀ! ਤੇਰੇ ਦੁਆਰੇ (ਖੜੇ ਤੇਰੀ) ਕੀਰਤੀ ਕਰਦੇ ਹਨ (ਤੇ ਤੈਂ) ਇਕ ਸੱਚੇ ਪ੍ਰਭੂ ਨੂੰ ਜਪਦੇ ਹਨ, (ਤੇ) ਸੱਚੇ ਪ੍ਰਭੂ ਨੂੰ ਤਦੋਂ ਹੀ ਜਪਦੇ ਹਨ ਜਦੋਂ (ਤੂੰ ਨਾਮ ਨੂੰ) ਮਨ ਵਿਚ ਵਸਾ ਦੇਵੇਂ। (ਹਾਂ, ਤਦੋਂ) ਜਦੋਂ (ਤੂੰ) ਇਹ ਭਰਮ ਭੁਲਾਵਾ ਚੁਕਾ ਦੇਵੇਂ ਜੇ ਤੂੰ (ਆਪ) ਕੀਤਾ ਹੈ। ਗੁਰੂ ਦੀ ਕ੍ਰਿਪਾ ਨਾਲ (ਤੁਸੀਂ ਬੀ) ਕ੍ਰਿਪਾ ਕਰੋ ਤੇ ਜਮ ਤੋਂ ਬਚਾ ਲਓ। ਜੁਗਾਂ ਜੁਗਾਂ ਅੰਦਰ (ਜਿਵੇਂ) ਤੁਹਾਡੇ ਭਗਤ (ਬਚਾਏ ਗਏ) ਸਨ॥5॥

**ਵਡੇ ਮੇਰੇ ਸਾਹਿਬਾ ਅਲਖ ਅਪਾਰਾ॥ ਕਿਉ ਕਰਿ ਕਰਉ ਬੇਨੰਤੀ ਹਉ ਆਖਿ ਨ ਜਾਣਾ॥ ਨਦਰਿ ਕਰਹਿ ਤਾ ਸਾਚੁ ਪਛਾਣਾ॥ ਸਾਚੋ ਪਛਾਣਾ ਤਾਮਿ ਤੇਰਾ ਜਾਮਿ ਆਪਿ ਬੁਝਾਵਹੇ॥ ਦੂਖ ਭੂਖ ਸੰਸਾਰਿ ਕੀਏ ਸਹਸਾ ਏਹੁ ਚੁਕਾਵਹੇ॥ ਬਿਨਵੰਤਿ ਨਾਨਕੁ ਜਾਇ ਸਹਸਾ ਬੁਝੈ ਗੁਰ ਬੀਚਾਰਾ॥ ਵਡਾ ਸਾਹਿਬੁ ਹੈ ਆਪਿ ਅਲਖ ਅਪਾਰਾ॥੬॥**

ਹੇ ਮੇਰੇ ਵੱਡੇ ਸਾਹਿਬ! ਹੇ ਅਲਖ ਤੇ ਹੇ ਅਪਾਰ! (ਮੈਂ ਤੁਸਾਂ ਅੱਗੇ) ਬੇਨਤੀ ਕਿਸ ਤਰ੍ਹਾਂ ਕਰਾਂ ਮੈਨੂੰ ਆਖਣ ਦੀ ਜਾਚ ਨਹੀਂ। (ਤੂੰ) ਕ੍ਰਿਪਾ ਦ੍ਰਿਸ਼ਟੀ ਕਰੇਂ ਤਾਂ (ਮੈਂ) ਸੱਚ ਨੂੰ ਪਛਾਣਾਂ। (ਹਾਂ) ਤੇਰੇ ਸੱਚ ਨੂੰ (ਮੈਂ) ਤਦੋਂ ਹੀ ਪਛਾਣ ਸਕਦਾ ਹਾਂ ਜਦੋਂ (ਤੂੰ) ਆਪ (ਮੈਨੂੰ) ਬੁਝਾ ਦੇਵੇਂ। ਸੰਸਾਰ ਵਿਚ ਦੁੱਖ ਤੇ ਭੁੱਖ ਰਚੇ ਹੋਏ ਹਨ, ਇਸ ਸੰਸਾ (ਫ਼ਿਕਰ ਜਾ ਭਰਮ ਤੂੰ) ਦੂਰ ਕਰ ਦੇਵੇਂ। ਗੁਰੂ ਨਾਨਕ ਸਾਹਿਬ ਬੇਨਤੀ ਕਰਦੇ ਹਨ, ਗੁਰੂ ਦੀ ਵੀਚਾਰ ਬੁੱਝਣ ਨਾਲ (ਇਹ) ਸੰਸਾ ਦੂਰ ਹੋ ਜਾਂਦਾ ਹੈ, (ਕਿਉਂਕਿ ਦਿੱਸ ਪੈਂਦਾ ਹੈ ਕਿ) ਆਪ ਉਹ ਅਲਖ ਤੇ ਅਪਾਰ ਹੈ, (ਪਰ ਜੀਵਾਂ ਲਈ) ਵੱਡਾ ਸਾਹਿਬ ਹੈ॥੬॥

**ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ ਸੋਹਣੇ ਨਕ ਜਿਨ ਲੰਮੜੇ ਵਾਲਾ॥ ਕੰਚਨ ਕਾਇਆ ਸੁਇਨੇ ਕੀ ਢਾਲਾ॥ ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ॥ ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ॥ ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ॥ ਬੰਕੇ ਲੋਇਣ ਦੰਤ ਰੀਸਾਲਾ॥੭॥**

[ਹੇ ਅਲਖ! ਹੇ ਅਪਾਰ! ਹੇ ਅਰੂਪ! ਤੁਸੀਂ ਅਬਦਲ ਹੋ, ਪਰ ਸ੍ਵੇਛਾਧਾਰੀ ਸਰਬ ਸਮਰੱਥ ਹੋ, ਆਓ ਹੇ ਅਰੂਪ ਪ੍ਰੀਤਮ ਆਓ ਕਦੇ ਰੂਪਵਾਨ ਹੋਕੇ ਬੀ ਆਓ! ਹੇ ਹਕੀਕਤ ਕਦੇ ਮਿਜ਼ਾਜ ਦਾ ਜਾਮਾ ਪਹਿਨ ਕੇ ਦਰਸ਼ਨ ਦਿਓ, ਇਨ੍ਹਾਂ ਰੂਪ ਲਈ ਤਰਸ ਰਹੇ ਨੈਣਾਂ ਨੂੰ....ਹੈਂ! ਆ ਗਏ, ਵਾਹ ਮੇਰੇ ਸੁੰਦਰਾਂ ਦੇ ਸੁੰਦਰ!] ਤੇਰੇ ਨੈਣ ਬਾਂਕੇ ਹਨ, (ਤੇਰੇ) ਦੰਦ ਸੁਹਾਵਣੇ ਹਨ, (ਤੈਂ) ਜਿਸ ਦੇ ਨੱਕ (=ਨਾਸਕਾਂ) ਫਬਨਾਂ ਵਾਲੀਆਂ ਹਨ, (ਤੇਰੇ) ਕੇਸ (ਕੈਸੇ) ਲੰਮੇ ਹਨ, (ਤੇਰੀ) ਕਾਂਇਆਂ (ਐਉਂ ਦਮਕਦੀ ਹੈ ਜਿਵੇਂ) ਢਲੇ ਹੋਏ ਸੋਨੇ ਦੀ (ਬਣੀ) ਹੈ। (ਹਾਂ, ਤੇਰੀ ਦੇਹ) ਢਲੇ ਹੋਏ ਸੋਨੇ ਦੀ ਹੈ, (ਤੇਰੀ ਗਲ) ਕ੍ਰਿਸ਼ਨ ਵਾਲੀ ਮਾਲਾ ਹੈ, ਹੇ ਸਹੇਲੀਓ! (ਆਓ ਦਰਸ਼ਨ ਕਰੋ ਤੇ) ਤੁਸੀਂ (ਬੀ ਇਸਨੂੰ) ਜਪੋ: (ਤਦ) ਜਮ ਦੁਆਰ ਖੜੀਆਂ ਨਹੀਂ ਹੋਵੋਗੀਆਂ, ਹੇ ਬੀਬੀਓ! (ਅਰਥਾਤ ਗੁਰ-ਸਿਖੋ!) ਮੇਰੀ ਇਹ ਸਿੱਖਜਾ ਸੁਣ ਲਵੋ। (ਵਾਹਿਗੁਰੂ ਦਾ ਸਿਮਰਨ ਕਰਨ ਨਾਲ) ਮਨ ਦਾ ਜਾਲਾ (ਅਰਥਾਤ ਮੈਲ) ਉਤਰ ਜਾਏਗਾ ਤੇ ਬਗਲਿਆਂ ਤੋਂ ਬਗਲੇ (ਅਰਥਾਤ ਮਹਾਂ ਪਖੰਡੀ) ਹੰਸਾਂ ਦੇ ਹੰਸ (ਅਰਥਾਤ ਪੂਰੇ ਸੰਤ ਹੋ ਜਾਣਗੇ (ਇਸ ਪ੍ਰੀਤਮ ਦੇ) ਬਾਂਕੇ ਨੈਣ ਤੇ ਸੁੰਦਰ ਦੰਦ (ਦੇਖਕੇ)॥੭॥

**ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥ ਕੁਹਕਨਿ ਕੋਕਿਲਾ ਤਰਲ ਜੁਆਣੀ॥ ਤਰਲਾ ਜੁਆਣੀ ਆਪਿ ਭਾਣੀ ਇਛ ਮਨ ਕੀ ਪੂਰੀਏ॥ ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ॥ ਸ੍ਰੀਰੰਗ ਰਾਤੀ ਫਿਰੈ ਮਾਤੀ ਉਦਕੁ ਗੰਗਾ ਵਾਣੀ॥ ਬਿਨਵੰਤਿ ਨਾਨਕੁ ਦਾਸੁ ਹਰਿ ਕਾ ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥੮॥੨॥**

ਤੇਰੀ ਚਾਲ ਖੂਬਸੂਰਤ ਹੈ, (ਤੇਰੀ) ਬਾਣੀ ਮਿੱਠੀ ਹੈ, (ਮਾਨੋ) ਕੋਇਲਾਂ ਕੂਕਦੀਆਂ ਹਨ, (ਤੇਰੀ ਉਮਰਾ) ਚੜ੍ਹਦੀ ਜਵਾਨੀ ਦੀ ਹੈ। (ਹਾਂ, ਤੇਰੀ ਅਵਸਥਾ) ਚੜ੍ਹਦੀ ਜਵਾਨੀ ਵਾਲੀ ਹੈ (ਉਹ ਜੋ ਆਪਣੇ) ਆਪ ਨੂੰ ਭਾਉਂਦੀ (ਧਾਰਨ ਕੀਤੀ ਹੈ, ਸਾਡੇ) ਮਨ ਦੀਆਂ ਇੱਛਾਂ (ਬੀ) ਪੂਰਨ ਕਰੋ। (ਹੇ ਆਪ ਜੀ! ਜੋ) ਆਪਣੇ ਆਪ ਸੰਧੂਰੇ ਹਾਥੀ ਵਾਂਡੂ ਠੁਮਕ ਠੁਮਕ ਕੇ ਕਦਮ ਧਰ ਰਹੇ ਹੋ। ਹੁਣ ਸ੍ਰੀ ਜੀ ਦੇ ਪ੍ਰੇਮ ਰਤੀ (ਪ੍ਰੇਮਣ) ਮਸਤ ਹੋਈ ਫਿਰਦੀ ਹੈ, ਗੰਗਾ ਦੇ ਪਾਣੀ ਵਾਂਡੂ (ਮਸਤ ਚਾਲ ਚਲਦੀ ਹੈ। ਇਹ) ਹਰੀ ਦਾ ਦਾਸ ਨਾਨਕ ਬੇਨਤੀ ਕਰਦਾ ਹੈ:- ਤੇਰੀ ਚਾਲ ਸੁਹਣੀ ਹੈ ਤੇ ਬਾਣੀ ਮਿੱਠੀ ਹੈ॥੮॥੨॥

**(ਇਨ੍ਹਾਂ ਸ਼ਬਦਾਂ ਦੀ ਅਰਥ-ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)**

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਬ੍ਰਿਸਬੇਨ 'ਚ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ

ਆਸਟ੍ਰੇਲੀਆ ਦੇ ਪ੍ਰਮੁੱਖ ਸ਼ਹਿਰ ਬ੍ਰਿਸਬੇਨ 'ਚ ਗੁਰਦੁਆਰਾ ਸਿੰਘ ਸਭਾ ਟੈਂਗਮ ਅਤੇ ਬ੍ਰਿਸਬੇਨ ਸਿੱਖ ਟੈਂਪਲ ਲੋਗਨ ਰੋਡ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਬਾਨੀ ਅਤੇ ਚੌਥੇ ਰਹਿਬਰ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼-ਪੁਰਬ ਅਤੇ ਖਾਲਸੇ ਦੀ ਮਾਤਾ ਸਾਹਿਬ ਕੌਰ ਜੀ ਦਾ ਜਨਮ-ਦਿਹਾੜਾ ਸ਼ਰਧਾ-ਉਤਸ਼ਾਹ ਸਹਿਤ ਮਨਾਏ ਗਏ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਅਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਸਜਾਏ ਗਏ ਕੀਰਤਨ ਦਰਬਾਰ 'ਚ ਭਾਈ ਪਲਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਗੁਰਤੇਜ ਸਿੰਘ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਅਤੇ ਭਾਈ ਨਰਿੰਦਰਪਾਲ ਸਿੰਘ ਦੇ ਕਥਾ-ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਅਤੇ ਗੁਰੂ ਰਾਮਦਾਸ ਜੀ ਅਤੇ ਖਾਲਸੇ ਦੀ ਮਾਤਾ ਸਾਹਿਬ ਕੌਰ ਜੀ ਦੇ ਜੀਵਨ ਤੇ ਚਾਨਣਾ ਪਾਇਆ ਗਿਆ।

## 400 ਸਾਲਾ ਪ੍ਰਕਾਸ਼-ਪੁਰਬ ਦੇ ਸਮਾਗਮ ਸ਼ੁਰੂ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਗਲੇ ਵਰ੍ਹੇ ਅਪ੍ਰੈਲ 'ਚ ਆ ਰਹੇ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼-ਪੁਰਬ ਹਿੱਤ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਪਾ ਕੇ ਇਸਦੀ ਆਰੰਭਤਾ ਕੀਤੀ। ਭੋਗ ਤੋਂ ਬਾਅਦ ਭਾਈ ਚਮਨਜੀਤ ਸਿੰਘ ਲਾਲ ਦੇ ਜਥੇ ਨੇ ਕੀਰਤਨ ਕੀਤਾ। ਉਪਰੰਤ ਅਰਦਾਸ ਨਾਲ ਸ਼ਤਾਬਦੀ ਸਮਾਗਮਾਂ ਦੀ ਆਰੰਭਤਾ ਹੋਈ। ਇਸ ਮੌਕੇ ਬੋਲਦਿਆਂ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ- 400 ਸਾਲਾ ਪ੍ਰਕਾਸ਼-ਪੁਰਬ ਤੇ ਹੋਣ ਵਾਲੇ ਪ੍ਰੋਗਰਾਮਾਂ ਦਾ ਸਿਲਸਿਲਾ ਲਗਾਤਾਰ ਜਾਰੀ ਰਹੇਗਾ। ਉਨ੍ਹਾਂ ਸਿੱਖ ਸੰਗਤਾਂ ਨੂੰ ਇਸ ਵਿਚ ਪੂਰਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦਿਆਂ ਉਹਨਾਂ ਕਿਹਾ ਕਿ ਕਰੋਨਾ ਸੰਕਟ ਵੇਲੇ ਲੋਕਡਾਊਨ ਦੌਰਾਨ ਕਮੇਟੀ ਵੱਲੋਂ ਅੱਗੇ ਵਧ ਕੇ ਮਨੁੱਖਤਾ ਦੀ ਸੇਵਾ ਕੀਤੀ ਗਈ ਜਿਸ ਵਿਚ ਰੋਜ਼ਾਨਾ ਸਵਾ ਲੱਖ ਲੋਕਾਂ ਨੂੰ ਲੰਗਰ ਚਲਾਉਣ ਦੀ ਮੁਹਿੰਮ ਵਿੱਢੀ ਗਈ ਤੇ ਇਹ ਮੁਹਿੰਮ ਲਾਕਡਾਊਨ ਦੌਰਾਨ ਲਗਾਤਾਰ ਜਾਰੀ ਰਹੀ। ਲੰਗਰਾਂ ਤੋਂ ਇਲਾਵਾ ਲੋੜੀਂਦੀਆ ਚੀਜ਼ਾਂ, ਦਵਾਈਆਂ ਤੇ ਪੈਸੇ ਨਾਲ ਵੀ ਜਰੂਰਤਮੰਦਾਂ ਤੇ ਪਲਾਇਨ ਕਰ ਰਹੇ ਮਜ਼ਦੂਰਾਂ ਦੀ ਮਦਦ ਕੀਤੀ ਗਈ। ਲੋੜਵੰਦਾਂ ਦੀ ਮਦਦ ਕਰਨਾ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ 'ਚ ਸ਼ਾਮਲ ਹੈ।

## ਕੈਨੇਡਾ ਦੀ ਸਿਆਸਤ ਵਿਚ ਸਿੱਖਾਂ ਦਾ ਬੋਲਬਾਲਾ



## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 100 ਸਾਲਾਂ 'ਚ 111 ਵਿੱਦਿਅਕ ਅਦਾਰੇ ਸਥਾਪਤ

15 ਨਵੰਬਰ, 1920 'ਚ ਸਥਾਪਤ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਾਰਮਿਕ ਤੇ ਪ੍ਰਬੰਧਕੀ ਖੇਤਰ 'ਚ ਕੰਮ ਕਰਨ ਤੋਂ ਇਲਾਵਾ ਵਿੱਦਿਅਕ ਖੇਤਰ ਵਿਚ ਵੀ ਨਿੱਗਰ ਉਪਰਾਲੇ ਕੀਤੇ ਗਏ ਹਨ। ਇਸ ਵੇਲੇ ਸੰਸਥਾ ਦੇ ਸਿੱਧੇ-ਅਸਿੱਧੇ ਪ੍ਰਬੰਧ ਹੇਠ 111 ਵਿੱਦਿਅਕ ਅਦਾਰੇ ਚਲ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਸਿੱਧੇ ਪ੍ਰਬੰਧ ਹੇਠ 89 ਕਾਲਜ ਅਤੇ ਸਕੂਲ ਅਤੇ ਵੱਖ-ਵੱਖ ਟਰਸਟਾਂ ਦੇ ਨਾਂ ਹੇਠ ਲਗਭਗ 22 ਵਿੱਦਿਅਕ ਅਦਾਰੇ ਚਲ ਰਹੇ ਹਨ। ਪ੍ਰਬੰਧ ਹੇਠਲੇ ਇਨ੍ਹਾਂ ਅਦਾਰਿਆਂ 'ਚੋਂ ਕਾਲਜਾਂ 'ਚ ਤਕਰੀਬਨ 36 ਹਜ਼ਾਰ ਅਤੇ ਸਕੂਲਾਂ 'ਚ 25 ਹਜ਼ਾਰ ਤੋਂ ਵਧ ਵਿਦਿਆਰਥੀ ਪੜ੍ਹ ਰਹੇ ਹਨ। ਸਿੱਖਿਆ ਦੇ ਪਸਾਰ ਲਈ ਇਕ ਡਾਇਰੈਕਟੋਰੇਟ ਆਫ਼ ਐਜੂਕੇਸ਼ਨਲ ਤੋਂ ਇਲਾਵਾ ਦੋ ਯੂਨੀਵਰਸਿਟੀਆਂ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਅਤੇ ਗੁਰੂ ਰਾਮਦਾਸ ਇੰਸਟੀਟਿਊਟ ਆਫ਼ ਮੈਡੀਕਲ ਸਾਇੰਸਿਜ਼ ਐਂਡ ਰਿਸਰਚ ਯੂਨੀਵਰਸਿਟੀ ਅੰਮ੍ਰਿਤਸਰ ਸ਼ਾਮਲ ਹਨ। ਇਸ ਤੋਂ ਇਲਾਵਾ ਇਕ ਮੈਡੀਕਲ ਕਾਲਜ, ਇਕ ਨਰਸਿੰਗ ਕਾਲਜ, ਦੋ ਇੰਜਨੀਅਰਿੰਗ ਕਾਲਜ, ਦੋ ਪੋਲੀਟੈਕਨਿਕ ਕਾਲਜ ਅਤੇ ਦੋ ਬੀ.ਐਡ. ਕਾਲਜ ਵੀ ਸ਼੍ਰੋਮਣੀ ਕਮੇਟੀ ਅਧੀਨ ਚਲ ਰਹੇ ਹਨ। ✧ ✧